# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਧਰਮ ਅਧਿਐਨ) ਸਮੈਸਟਰ ਦੂਜਾ

ਪੇਪਰ : ਭਾਰਤੀ ਧਰਮ ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

## ਵੈਦਿਕ ਮਤ ਅਤੇ ਜੈਨ ਮਤ

| | | |
|---|---|---|
| 1.1 | : | ਵੇਦ– ਜਾਣ-ਪਛਾਣ |
| 1.2 (ਏ) | : | ਵੈਦਿਕ ਦੇਵਤੇ–ਵਰਣ, ਅਗਨੀ, ਇੰਦਰ |
| 1.2 (ਬੀ) | : | ਬਲੀ ਅਤੇ ਯੱਗ |
| 1.3 | : | ਭਗਵਾਨ ਮਹਾਂਵੀਰ : ਜੀਵਨ ਅਤੇ ਸਿੱਖਿਆਵਾਂ |
| 1.4 (ਏ) | : | ਤ੍ਰਿ-ਰਤਨ (ਤਿੰਨ ਰਤਨ) |
| 1.4 (ਬੀ) | : | ਪੰਜ ਮਹਾਂਵ੍ਰਤ |

**Department website : www.pbidde.org**

ਪਾਠ ਨੰ. : 1.1 ਲੇਖਕ : ਡਾ. ਹਰਪਾਲ ਸਿੰਘ ਪੰਨੂ

# ਵੇਦ-ਜਾਣ ਪਹਿਚਾਣ


1.1.1 ਉਦੇਸ਼

1.1.2 ਭੂਮਿਕਾ

1.1.3 ਰਿਗਵੇਦ

1.1.4 ਯਜੁਰਵੇਦ

1.1.5 ਸਾਮਵੇਦ

1.1.6 ਅਥਰਵਵੇਦ

1.1.7 ਸਿੱਟਾ

1.1.8 ਅਭਿਆਸ ਲਈ ਪ੍ਰਸ਼ਨ

1.1.9 ਸਹਾਇਕ ਪੁਸਤਕਾਂ


## 1.1.1 ਉਦੇਸ਼:

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਵੇਦਾਂ ਬਾਰੇ ਜਾਣਕਾਰੀ ਦੇਣਾ ਮੁੱਖ ਹੈ। ਵੇਦ ਕੀ ਹੈ, ਵੇਦ ਤੋਂ ਕੀ ਭਾਵ ਹੈ, ਬਾਰੇ ਦੱਸਣਾ ਹੈ। ਚਾਰ ਵੇਦ ਕਿਹੜੇ-ਕਿਹੜੇ ਹਨ ਅਤੇ ਉਹਨਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਣੀ ਹੈ। ਜ਼ਿਆਦਾਤਰ ਵਿਦਿਆਰਥੀ ਵੇਦਾਂ ਬਾਰੇ ਨਹੀਂ ਜਾਣਦੇ। ਇਸੇ ਕਰਕੇ ਇਸ ਅਧਿਆਇ ਦਾ ਮੁੱਖ ਪ੍ਰਯੋਜਨ ਵੇਦਾਂ ਦੀ ਜਾਣ-ਪਛਾਣ ਕਰਵਾ ਕੇ ਉਨ੍ਹਾਂ ਬਾਰੇ ਸੌਖੀ ਤੇ ਸਪੱਸ਼ਟ ਜਾਣਕਾਰੀ ਦੇਣਾ ਹੈ।

## 1.1.2 ਭੂਮਿਕਾ

ਭਾਰਤੀ ਧਾਰਮਿਕ ਪਰੰਪਰਾ ਦਾ ਜ਼ਿਕਰ ਵੇਦਾਂ ਦੇ ਅਧਿਐਨ ਬਗੈਰ ਸੰਪੂਰਨ ਨਹੀਂ। ਪ੍ਰਾਚੀਨ ਵਿਸ਼ਵ ਸਾਹਿਤ ਵਿਚ ਵੇਦ ਸਭ ਤੋਂ ਪੁਰਾਣੇ ਧਰਮ ਗ੍ਰੰਥਾਂ ਵਿਚੋਂ ਮੰਨੇ ਗਏ ਹਨ। ਜਿਵੇਂ ਜਿਵੇਂ ਨਵੀਨਤਮ ਖੋਜ ਪ੍ਰਕਾਸ਼ ਵਿਚ ਆ ਰਹੀ ਹੈ ਦਿਨੋ-ਦਿਨ ਵੇਦਾਂ ਦੀ ਸਰਬ-ਪੱਖੀ ਮਹੱਤਤਾ ਪ੍ਰਗਟ ਹੋ ਰਹੀ ਹੈ। ਹਿੰਦੂ, ਵੇਦਾਂ ਨੂੰ ਕਿਸੇ ਮਨੁੱਖ ਦੀ ਰਚਨਾ ਨਹੀਂ ਮੰਨਦੇ। ਇਹਨਾਂ ਨੂੰ ਦੈਵੀ ਬਾਣੀ, ਭਾਵ ਈਸ਼ਵਰ ਦੀ ਆਪਣੀ ਕੀਤੀ ਰਚਨਾ ਆਖ ਕੇ ਸਤਿਕਾਰਿਆ ਜਾਂਦਾ ਰਿਹਾ ਹੈ। ਭਾਰਤੀ ਸੰਸਕ੍ਰਿਤੀ ਦਾ ਆਧਾਰ ਹਜ਼ਾਰਾਂ ਸਾਲਾਂ ਤੋਂ ਵੇਦ ਹੀ ਰਹੇ ਹਨ।

'ਵੇਦ' ਸ਼ਬਦ ਦਾ ਅਰਥ ਹੈ 'ਗਿਆਨ'। ਇਸ ਕਾਰਨ ਵੇਦ ਗਿਆਨ ਦਾ ਸੰਕੇਤ ਵੀ ਹਨ ਤੇ ਗਿਆਨ ਦਾ ਸਰੂਪ ਵੀ। ਵੇਦ, ਭਾਰਤੀ ਗਿਆਨ ਪਰੰਪਰਾ ਦਾ ਮੂਲ ਧੁਰਾ ਹਨ। ਵੇਦ ਕਿਸੇ ਖਾਸ ਵਿਅਕਤੀ ਦੁਆਰਾ ਰਚੀ ਕਿਸੇ ਖਾਸ ਸਮੇਂ ਦੀ ਰਚਨਾ ਨਹੀਂ ਹਨ। ਵੇਦ ਤਾਂ ਸਦੀਆਂ ਦੀ ਮੌਖਿਕ ਪਰੰਪਰਾ ਰਾਹੀਂ ਸਾਡੇ ਪਾਸ ਪੁਜੇ ਹਨ ਤੇ ਇਹਨਾਂ ਵਿਚ ਬਹੁਤ ਸਾਰੇ ਮਹਾਨ ਰਿਸ਼ੀਆਂ ਦੀਆਂ ਰਚਨਾਵਾਂ ਹਨ ਤੇ

ਰਚਨਾਵਾਂ ਦਾ ਕਾਲ ਵੀ, ਕਈ ਸਦੀਆਂ ਤਕ ਫੈਲਿਆ ਹੋਇਆ ਹੈ। ਵੇਦ ਸ਼ਬਦ ਕਿਸੇ ਗ੍ਰੰਥ ਦਾ ਨਾਮ ਨਾ ਹੋ ਕੇ ਅਲੌਕਿਕ ਗਿਆਨ ਦਾ ਲਖਾਇਕ ਹੈ। ਪ੍ਰਾਚੀਨ ਭਾਰਤ ਵਿਚ 'ਵੇਦ' ਅਤੇ 'ਵਿਦਿਆ' ਸ਼ਬਦਾਂ ਦੀ ਆਪਸ ਵਿਚ ਅਟੁੱਟ ਸਾਂਝ ਸੀ। ਅਜਿਹੀ ਪੜ੍ਹਾਈ ਲਿਖਾਈ, ਜਿਸ ਵਿਚ ਵੇਦਾਂ ਦਾ ਅਧਿਐਨ ਸ਼ਾਮਲ ਨਾ ਹੋਵੇ , ਵਿਦਿਆ ਨਹੀਂ ਅਖਵਾ ਸਕਦੀ ਸੀ। ਵਿਸ਼ਣੂ ਮਿਤਰ ਨੇ ਵੇਦ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਿਆ ਹੈ, ''ਉਹ ਸਾਧਨ ਜਿਸ ਰਾਹੀ ਧਰਮ, ਅਰਥ, ਕਾਮ ਅਤੇ ਮੋਖ ਦੀ ਪ੍ਰਾਪਤੀ ਹੋ ਸਕੇ, ਵੇਦ ਅਖਵਾਉਂਦਾ ਹੈ,'' ਸੰਕਰਾਚਾਰੀਆ ਨੇ ਤਾਂ ਲਿਖਿਆ ਹੈ, ''ਇਛਿਤ ਵਸਤੂ ਦੀ ਪ੍ਰਾਪਤੀ ਅਤੇ ਅਣਇਛਿਤ ਵਸਤੂ ਦੇ ਤਿਆਗ ਵਾਸਤੇ ਜਿਹੜਾ ਗ੍ਰੰਥ ਅਲੌਕਿਕ ਉਪਾਅ ਦਸਦਾ ਹੈ, ਉਹ ਵੇਦ ਹੈ।'' ਪ੍ਰਤੱਖ ਜਾਂ ਅਨੁਮਾਨ ਰਾਹੀਂ ਜਿਹੜਾ ਉਪਾਅ ਨਹੀਂ ਹੋ ਸਕਦਾ, ਵੇਦ ਰਾਹੀਂ ਉਹ ਸੰਭਵ ਹੋ ਸਕਦਾ ਹੈ। ਵੇਦ ਇੰਦਰਿਆਵੀ ਗਿਆਨ ਤੋਂ ਉਪਰ ਦੀ ਵਸਤੂ ਹਨ। ਵਿਸ਼ੇਸ਼, ਰੂਹਾਨੀ ਤਾਕਤ ਲਈ ਵੀ ਵੇਦ ਸ਼ਬਦ ਵਰਤਿਆ ਗਿਆ ਹੈ। ਤੈਤਰੇ ਸੰਘਿਤਾ ਵਿਚ ਵੇਦ ਸ਼ਬਦ ਦੀ ਵਿਉਤਪਤੀ ਇਸ ਤਰ੍ਹਾਂ ਕੀਤੀ ਗਈ ਹੈ, ''ਵੇਦ ਦੁਆਰਾ ਹੀ ਦੇਵਤਿਆਂ ਨੇ ਅਸੁਰਾਂ ਦੀ ਸੰਪਤੀ ਪ੍ਰਾਪਤ ਕੀਤੀ। ਇਹ ਵੇਦਾਂ ਦੀ ਵਿਦਿਆ ਰਾਹੀਂ ਸੰਭਵ ਹੋ ਸਕਿਆ ਸੀ।'' ਵੇਦਵਾਣੀ ਦੇ ਤਿੰਨ ਭਾਗ ਕੀਤੇ ਜਾ ਸਕਦੇ ਹਨ :

**1. ਸੰਘਿਤਾ ਭਾਗ :**

ਇਸ ਵਿਚ ਦੇਵਤਿਆਂ ਦੀਆਂ ਪ੍ਰਾਰਥਨਾਵਾਂ, ਪੁਰਾਣੇ ਭਾਰਤੀ ਭਜਨ ਅਤੇ ਤੰਤਰ ਮੰਤਰ ਆਦਿਕ ਸ਼ਾਮਲ ਹਨ। ਇਹ ਭਾਗ ਕਾਵਿ ਰਚਨਾ ਹੈ।

**2. ਬ੍ਰਾਹਮਣ ਭਾਗ :**

ਇਸ ਵਿਚ ਧਰਮ ਸਬੰਧੀ, ਖਾਸ ਕਰਕੇ ਯੱਗ ਦੀ ਮਰਿਆਦਾ ਸਬੰਧੀ ਅਤੇ ਕਰਮਕਾਂਡ ਬਾਰੇ ਲਿਖਤਾਂ ਹਨ। ਇਹ ਲਿਖਤਾਂ ਵਾਰਤਕ ਵਿਚ ਰਚੀਆਂ ਗਈਆਂ ਹਨ।

**3. ਆਰਣਯਕ ਗ੍ਰੰਥ :**

ਆਰਣਯਕ ਦਾ ਅਰਥ ਹੁੰਦਾ ਹੈ ਜੰਗਲ ਬੀਆਬਾਨ। ਤਪ ਕਰਨ ਵਾਸਤੇ ਜੰਗਲਾਂ ਵਿਚ ਜਾਣਾ ਪੈਂਦਾ ਸੀ।ਇਸ ਵਿਚ ਬਾਣਪ੍ਰਸਥ ਭਾਵ ਜੰਗਲੀ ਜੀਵਨ ਬਤੀਤ ਕਰਨ ਬਾਰੇ ਹਦਾਇਤਾਂ ਹਨ। ਤਪ ਸਾਧਨਾ ਉੱਤੇ ਚਾਨਣਾ ਵੀ ਪਾਇਆ ਹੈ ਅਤੇ ਈਸ਼ਵਰ, ਜਗਤ, ਮਨੁੱਖ ਆਦਿਕ ਵਿਸ਼ਿਆਂ ਉਪਰ ਤਪੱਸਵੀਆਂ ਦੇ ਵਿਚਾਰ ਅੰਕਿਤ ਹਨ।

ਇਹਨਾਂ ਤਿੰਨ ਭਾਗਾਂ ਵਿਚੋਂ ਵੇਦ ਦਾ ਸੰਘਿਤਾ ਭਾਗ ਸਭ ਤੋਂ ਪੁਰਾਣਾ ਮੰਨਿਆ ਜਾਂਦਾ ਹੈ। ਵੇਦ ਗਿਣਤੀ ਵਿਚ ਚਾਰ ਹਨ :

1. ਰਿਗਵੇਦ
2. ਯਜੁਰਵੇਦ
3. ਸਾਮਵੇਦ
4. ਅਥਰਵਵੇਦ

ਹੁਣ ਇਕ ਇਕ ਕਰਕੇ ਚਾਰੇ ਵੇਦਾਂ ਨਾਲ ਵਿਦਿਆਰਥੀਆਂ ਦੀ ਸੰਖੇਪ ਜਾਣ ਪਛਾਣ ਕਰਵਾਈ ਜਾਂਦੀ ਹੈ।

### 1.1.3 ਰਿਗਵੇਦ

ਰਿਗਵੇਦ ਸੰਸਾਰ ਦਾ ਸਭ ਤੋਂ ਪੁਰਾਤਨ ਧਰਮ-ਗ੍ਰੰਥ ਹੈ। ਆਰੀਆ ਸਭਿਅਤਾ ਦਾ ਸਾਰਾ ਖਜ਼ਾਨਾ ਇਸੇ ਗ੍ਰੰਥ ਤੋਂ ਪ੍ਰਾਪਤ ਹੁੰਦਾ ਹੈ। ਰਿਗਵੇਦ ਦੇ ਕੁਲ ਦਸ ਮੰਡਲ ਹਨ। ਇਕ ਮੰਡਲ ਇਕ ਪੁਸਤਕ ਵਾਂਗ

ਸਮਝਿਆ ਜਾਣਾ ਚਾਹੀਦਾ ਹੈ। ਦਸ ਮੰਡਲਾਂ ਵਿਚ 1028 ਭਜਨ ਰਚੇ ਹੋਏ ਹਨ। ਇਹਨਾਂ ਦਸ ਮੰਡਲਾਂ ਵਿਚੋਂ ਦੂਜੇ ਤੋਂ ਲੈਕੇ ਸੱਤਵੇਂ ਮੰਡਲ ਤਕ ਦੀਆਂ ਰਚਨਾਵਾਂ ਬਾਕੀਆਂ ਨਾਲੋਂ ਵਧੇਰੀਆਂ ਪੁਰਾਤਨ ਹਨ।

ਦਸ ਮੰਡਲਾਂ ਕਰਕੇ ਰਿਗਵੇਦ ਨੂੰ 'ਦਸ਼ਤਈ' ਦੇ ਨਾਮ ਨਾਲ ਵੀ ਲਿਖਿਆ ਜਾਂਦਾ ਰਿਹਾ ਹੈ। ਹਰੇ ਕ ਮੰਡਲ ਵਿਚ ਅਨੇਕਾਂ ਅਨੁਵਾਕ, ਅਨੁਵਾਕ ਵਿਚ ਸੂਕਤ ਅਤੇ ਸੂਕਤਾਂ ਵਿਚ ਮੰਤਰ ਜਾਂ ਰਿਚਾਵਾਂ ਹਨ। ਕਾਤਯਾਇਨ ਨੇ ਇਹਨਾਂ ਦੀ ਗਿਣਤੀ ਬੜੀ ਮਿਹਨਤ ਨਾਲ ਕੀਤੀ ਹੈ। ਵੇਦਾਂ ਦੀ ਸ਼ੁੱਧਤਾ ਕਾਇਮ ਰਖਣ ਲਈ ਸ਼ਬਦਾਂ, ਸਗੋਂ ਅੱਖਰਾਂ ਤਕ ਦੀ ਗਿਣਤੀ ਦਾ ਹਿਸਾਬ ਰੱਖਿਆ ਗਿਆ ਹੈ। ਰਿਗਵੇਦ ਦੇ ਦਸਾਂ ਮੰਡਲਾਂ ਦੇ 85 ਅਨੁਵਾਕ ਹਨ 1017 ਸੂਕਤ ਹਨ ਤੇ ਕ੍ਰਮਵਾਰ ਹਰ ਮੰਡਲ ਵਿਚ ਸੂਕਤਾਂ ਦੀ ਗਿਣਤੀ ਇਉਂ ਹੈ 191+43+62+58+87+75+104+ 92+113+192=1017; ਇਸ ਤੋਂ ਇਲਾਵਾ 11 ਸੂਕਤ ਖਿਲਾਂ ਦੇ ਨਾਂ ਨਾਲ ਜਾਣੇ ਜਾਂਦੇ ਹਨ। ਹਰੇਕ ਵਿਚ ਲਗਭਗ 10 ਮੰਤਰ ਹਨ। ਰਿਚਾਵਾਂ ਦੇ ਸ਼ਬਦਾਂ ਦੀ ਸੰਖਿਆ ਇਕ ਲੱਖ 53 ਹਜ਼ਾਰ ਅੱਠ ਸੌ ਚੌਵੀ ਹੈ ਤੇ ਅੱਖਰ ਚਾਰ ਲੱਖ 32 ਹਜ਼ਾਰ ਹਨ। ਆਖ ਸਕਦੇ ਹਾਂ ਕਿ ਅੰਦਾਜ਼ਨ ਹਰ ਮੰਤਰ ਵਿਚ ਪੰਦਰਾਂ ਸ਼ਬਦ ਹਨ ਤੇ ਹਰ ਸ਼ਬਦ ਵਿਚ ਔਸਤਨ ਤਿੰਨ ਅੱਖਰ ਹੁੰਦੇ ਹਨ।

ਰਿਗਵੇਦ ਦਾ ਰਚਨਾ ਕਾਲ ਵੱਖ ਵੱਖ ਵਿਦਵਾਨਾਂ ਨੇ 1500–1000 ਪੂਰਬ ਈਸਾ ਮਿਥਿਆ ਹੈ। ਲਿਖਤ ਵਿਚ ਆਉਣ ਤੋਂ ਪਹਿਲਾਂ ਸਦੀਆਂ ਤਕ ਜ਼ੁਬਾਨੀ ਹੀ ਵੇਦ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਪੁਜਦੇ ਰਹੇ। ਵੇ ਦ ਨੂੰ ਅਪੌਰੁਸ਼ਯ ਆਖਿਆ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਇਹ ਕਿਸੇ ਮਨੁੱਖ ਦੀ ਰਚਨਾ ਨਹੀਂ। ਵੇ ਦ ਅਨੰਤ ਅਤੇ ਅਨਾਦਿ ਹੋਣ ਕਰਕੇ ਅਮਰ ਹੈ ਕਿਉਂਕਿ ਇਸ ਦੀ ਰਚਨਾ ਈਸ਼ਵਰ ਨੇ ਆਪ ਕੀਤੀ ਹੈ। ਰਿਸ਼ੀਆਂ ਨੇ ਕੇਵਲ ਵੇਦ ਮੰਤਰ 'ਦੇਖੇ'। ਸੋ ਰਿਸ਼ੀ ਵੇਦਾਂ ਦੇ ਰਚਣਹਾਰ ਨਹੀਂ ਦ੍ਰਿਸ਼ਟਾ ਹਨ।

ਜਿਵੇਂ ਯਹੂਦੀਆਂ ਦਾ ਪੁਰਾਣਾ ਨੇਮ ਸਮੇਂ ਦੀ ਗਤੀ ਨਾਲ ਵੱਡਾ ਹੁੰਦਾ ਗਿਆ, ਭਾਵ ਹਰ ਪੀੜ੍ਹੀ ਨੇ ਆਪਣੀਆਂ ਰਚਨਾਵਾਂ ਉਸ ਵਿਚ ਸ਼ਾਮਲ ਕੀਤੀਆਂ, ਉਵੇਂ ਹੀ ਰਿਗਵੇਦ ਵਿਚ ਵੀ ਮੰਤਰਾਂ ਅਤੇ ਗਾਥਾਵਾਂ ਦਾ ਵਾਧਾ ਹੁੰਦਾ ਰਿਹਾ। ਜਿਨ੍ਹਾਂ ਰਿਸ਼ੀਆਂ ਨੇ ਵੇਦਾਂ ਦੀ ਰਚਨਾ ਕੀਤੀ ਉਹਨਾਂ ਦੇ ਨਾਮ ਬ੍ਰਾਹਮਣ-ਗ੍ਰੰਥਾਂ ਵਿਚ ਮਿਲ ਜਾਂਦੇ ਹਨ। ਪ੍ਰਾਚੀਨ ਰਿਸ਼ੀਆਂ ਵਿਚੋਂ ਗ੍ਰਿਤਸ, ਵਿਸ਼ਵਮਿੱਤਰ, ਵਾਮਦੇਵ, ਅਤਰੀ, ਭਾਰਦਵਾਜ ਅਤੇ ਵਸ਼ਿਸ਼ਟ ਅਜਿਹੇ ਵਿਅਕਤੀ ਹੋਏ ਹਨ ਜਿਹਨਾਂ ਨੂੰ ਆਰੀਆ ਹਿੰਦੂ ਸਭਿਅਤਾ ਹਮੇਸ਼ਾ 'ਸਤਿਕਾਰ ਦਿੰਦੀ ਆਈ ਹੈ। 2 ਤੋਂ 7 ਤੱਕ ਮੰਡਲ ਜਿਹੜੇ ਅਤਿ ਪੁਰਾਣੇ ਹਨ ਉਹਨਾਂ ਨੂੰ ਵੰਸ਼ ਮੰਡਲ ਕਿਹਾ ਜਾਂਦਾ ਹੈ। ਇਹਨਾਂ ਵਿਚ ਆਰੀਆ ਨਸਲ ਦੇਪੁਰਖਿਆਂ ਦੇ ਵੰਸ਼ਾਂ ਦਾ ਜ਼ਿਕਰ ਕੀਤਾ ਹੋਇਆ ਹੈ। ਅੱਠਵੇਂ ਮੰਡਲ ਵਿਚ ਕੰਣਵਾਂ ਦੇ ਵੰਸ਼ ਦਾ ਜ਼ਿਕਰ ਹੈ। ਬਾਕੀ ਤਿੰਨ ਮੰਡਲਾਂ-ਪਹਿਲਾਂ, ਨੌਵਾਂ ਅਤੇ ਦਸਵਾਂ ਦੇ ਸੂਕਤਾਂ ਦੇ ਰਚਣਹਾਰਿਆਂ ਵੱਖ ਵੱਖ ਰਿਸ਼ੀਆਂ ਦਾ ਆਪਣਾ ਆਪਣਾ ਨਾਮ ਤੇ ਅਨੁਕ੍ਰਮਣਿਕਾ ਦਰਜ ਹੈ ਤੇ ਇਹਨਾਂ ਤਿੰਨਾਂ ਮੰਡਲਾਂ ਦੇ ਰਿਸ਼ੀਆਂ ਵਿਚ ਕੁਝ ਵੀ ਔਰਤਾਂ ਸ਼ਾਮਲ ਹਨ। ਨੌਵੇਂ ਮੰਡਲ ਵਿਚ ਸੋਮ-ਰਸ ਦੀ ਖੂਬ ਉਪਮਾ ਕੀਤੀ ਗਈ ਹੈ।

ਈਰਾਨੀ ਭਾਸ਼ਾ ਵਿਚ ਸੋਮ ਨੂੰ ਹਓਮ ਕਿਹਾ ਜਾਂਦਾ ਸੀ ਤੇ ਜੜ੍ਹੀਆਂ ਬੂਟੀਆਂ ਤੋਂ ਪ੍ਰਾਪਤ ਖਮੀਰਿਆ ਹੋਇਆ, ਇਹ ਰਸ ਦੇਵਤਿਆਂ ਨੂੰ ਅਰਪਣ ਕੀਤਾ ਜਾਣ ਕਰਕੇ ਯੱਗਾਂ ਵਿਚ ਬੜੀ ਮਹੱਤਤਾ ਰਖਦਾ ਸੀ। ਸੋਮ ਨੂੰ ਅੰਮ੍ਰਿਤ ਵੀ ਕਿਹਾ ਗਿਆ ਹੈ ਅਤੇ ਲਿਖਿਆ ਹੈ ਕਿ ਚੰਦਰਮਾ ਖੁਦ ਇਕ ਚਮਕਦੀ ਹੋਈ ਸੋਮ ਦੀ ਬੂੰਦ ਹੈ ਤੇ ਉਸੇ ਤੋਂ ਅੱਗੇ ਸੋਮ ਉਪਜਿਆ ਹੈ। ਚੰਨ ਸੋਮਰਸ ਦਾ ਖਜ਼ਾਨਾ ਹੈ। ਕਿਤੇ ਕਿਤੇ ਤਾਂ ਪਤਾ ਨਹੀਂ ਲਗਦਾ ਕਿ ਕਿਹੜੇ ਮੰਤਰ ਸੋਮ ਦੀ ਉਸਤਤੀ ਵਿਚ ਰਚੇ ਹੋਏ ਹਨ ਤੇ ਕਿਹੜੇ ਚੰਦਰਮਾਂ ਦੀ ਮਹਿਮਾ ਵਿਚ ਦੋਵੇਂ ਪ੍ਰਕਾਰ ਦੇ ਭਜਨ ਆਪਸ ਵਿਚ ਰਲ ਮਿਲ ਗਏ ਹਨ।

ਪੁਰਾਣੀਆਂ ਹੱਥ ਲਿਖਤਾਂ ਵਿਚੋਂ ਰਿਗਵੇਦ ਵਿਚ 'ਖਿਲ' ਨਾਂ ਦੇ ਭਜਨ ਵੀ ਪ੍ਰਾਪਤ ਹੁੰਦੇ ਹਨ। ਇਹ

ਭਜਨ ਕੁਝ ਬਾਅਦ ਦੀਆਂ ਰਚਨਾਵਾਂ ਹਨ ਤੇ ਮੂਲ ਸੰਘਿਤਾ ਤੋਂ ਪਿਛੋਂ ਰਚੇ ਗਏ। ਕੁਝ ਕੁ ਖਿਲ ਭਾਸ਼ਾ ਦੇ ਪੱਖ ਤੋਂ ਸੰਘਿਤਾ ਤੋਂ ਪਿਛੋਂ ਦੇ ਨਹੀਂ ਜਾਪਦੇ ਸਗੋਂ ਸਮਕਾਲੀ ਲਗਦੇ ਹਨ, ਪਰ ਫਿਰ ਇਹਨਾਂ ਨੂੰ ਸੰਘਿਤਾ ਵਿਚ ਕਿਉਂ ਦਰਜ ਨਹੀਂ ਕੀਤਾ ਗਿਆ, ਇਸ ਦਾ ਕੋਈ ਪਤਾ ਨਹੀਂ ਲਗਦਾ। ਇਹਨਾਂ ਦੀ ਗਿਣਤੀ ਗਿਆਰਾਂ ਹੈ ਤੇ ਇਹ ਅੱਠਵੇਂ ਮੰਡਲ ਦੇ ਅਖੀਰ ਵਿਚ ਨੱਥੀ ਹਨ।

ਕੁਝ ਕੁ ਵਿਦਵਾਨਾਂ ਦਾ ਮਤ ਹੈ ਕਿ ਰਿਗਵੇਦ ਲੋਕ-ਗੀਤਾਂ ਅਤੇ ਲੋਕ-ਰੀਤਾਂ ਦਾ ਹੀ ਸੰਗ੍ਰਹਿ ਹੈ। ਪਰ ਇਹ ਕਥਨ ਕਾਫ਼ੀ ਠੀਕ ਹੁੰਦਾ ਹੋਇਆ ਵੀ ਸੋ ਫ਼ੀਸਦੀ ਦਰੁਸਤ ਨਹੀਂ। ਰਿਗਵੇਦ ਦੇ ਭਾਸ਼ਾ ਅਤੇ ਛੰਦ ਪ੍ਰਬੰਧ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਵੈਦਿਕ ਅਤੇ ਲੌਕਿਕ ਕਾਵਿ ਵਿਚ ਭਾਰੀ ਅੰਤਰ ਹੈ। ਵੈਦਿਕ ਕਾਵਿ ਦੇ ਕਾਫੀ ਛੰਦਾਂ ਦਾ ਮੂਲ ਸਰੋਤ ਵੇਦਾਂ ਵਿਚੋਂ ਢੂੰਡਣਾ ਬੇਕਾਰ ਹੈ। ਵੈਦਿਕ ਅਤੇ ਲੌਕਿਕ ਕਾਵਿ ਦੇ ਛੰਦਾਂ ਦੇ ਉਚਾਰਨ ਦੀ ਲੈਅ ਅਤੇ ਗਤੀ ਵੀ ਭਿੰਨ ਹੈ। ਵੈਦਿਕ ਛੰਦਾਂ ਵਿਚ ਅੱਜ ਦੇ ਕਾਵਿ ਸ਼ਾਸਤਰੀ ਨੇਮਾਂ ਵਾਂਗ ਮਾਤਰਾਵਾਂ ਦੀ ਗਿਣਤੀ ਦਾ ਹਿਸਾਬ ਨਹੀਂ ਰੱਖਿਆ ਜਾਂਦਾ, ਸਗੋਂ ਅੱਖਰਾਂ ਦੀ ਗਿਣਤੀ ਮਿਣਤੀ ਕੀਤੀ ਜਾਂਦੀ ਸੀ। ਇਸ ਕਰਕੇ ਰਿਗਵੇਦਿਕ ਛੰਦ ਮਾਤ੍ਰਿਕ ਛੰਦ ਨਹੀਂ ਅਖਵਾਉਂਦੇ; ਇਹਨਾਂ ਨੂੰ ਵਰਣਿਕ ਛੰਦ ਕਿਹਾ ਜਾਂਦਾ ਹੈ।

ਰਿਗਵੇਦ ਵਿਚ ਕੁਝ ਇਕ ਅਤਿ ਦਿਲਚਸਪ ਟੂਕਾਂ ਹਨ। ਵੈਦਿਕ ਕਵੀ ਦੁੱਧ ਚੋਅ ਕੇ ਬਰਤਨ ਵਿਚ ਪਾ ਕੇ ਪੀਣ ਦੀ ਥਾਂ ਸਿੱਧੀਆਂ ਧਾਰਾਂ ਚੁੰਘਣ ਨੂੰ ਚੰਗਾ ਖਿਆਲ ਕਰਦੇ ਹਨ। ਇਸ ਗੱਲ ਤੇ ਹੈਰਾਨੀ ਪ੍ਰਗਟਾਈ ਗਈ ਹੈ ਕਿ ਪੱਕਿਆ ਪਕਾਇਆ ਗਰਮ ਦੁੱਧ ਗਾਂ ਦੇ ਥਣਾਂ ਵਿਚ ਕਿਵੇਂ ਆ ਜਾਂਦਾ ਹੈ। ਕਵੀ ਇਸ ਗੱਲੋਂ ਵੀ ਹੈਰਾਨ ਹੁੰਦਾ ਹੈ ਕਿ ਕਾਲੀਆਂ ਅਤੇ ਗੋਰੀਆਂ ਗਾਵਾਂ ਵਿਚੋਂ ਦੁੱਧ ਪਤਾ ਨਹੀਂ ਹਮੇਸ਼ਾਂ ਚਿਟਾ ਕਿਵੇਂ ਨਿਕਲਦਾ ਹੈ। ਯਮ ਅਤੇ ਯਮੀ ਦੋਵੇਂ ਭੈਣ ਭਰਾ ਹਨ। ਇਹਨਾਂ ਦੋਵਾਂ ਦੀ ਆਪਸ ਵਿਚ ਗੱਲਬਾਤ ਵੀ ਅਜੀਬ ਹੈ। ਯਮੀ, ਯਮ ਨੂੰ ਕਾਮ ਵਾਸਨਾ ਦੀ ਤ੍ਰਿਪਤੀ ਵਾਸਤੇ ਪ੍ਰੇਰਦੀ ਹੈ ਪਰ ਉਹ ਮੰਨਦਾ ਨਹੀਂ। ਬਾਰ ਬਾਰ ਯਮੀ ਅਜਿਹਾ ਵਿਚਾਰ ਪ੍ਰਗਟ ਕਰਦੀ ਹੈ ਤਾਂ ਯਮ ਆਖਦਾ ਹੈ, ''ਮੈਂ ਤੇਰੇ ਜਿਸਮ ਨਾਲ ਆਪਣਾ ਜਿਮਸ ਨਹੀਂ ਛੁਹਾ ਸਕਦਾ। ਇਹ ਪਾਪ ਹੈ। ਕਿਸੇ ਹੋਰ ਨਾਲ ਤੂੰ ਇਹ ਖੇਡ ਖੇਡ।'' ਫਿਰ ਯਮੀ ਆਖਦੀ ਹੈ, ''ਕੋਈ ਬੇਗਾਨੀ ਔਰਤ ਵੀ ਤਾਂ ਰੁੱਖ ਦੇ ਗੱਲ ਲੱਗੀ ਵੇਲ ਵਾਂਗ ਤੇਰੇ ਗੱਲ ਵਿਚ ਬਾਹਵਾਂ ਪਾਵੇਗੀ ਪਰ ਤੂੰ ਮੈਨੂੰ ਪਿਆਰ ਨਹੀਂ ਕਰਦਾ।'' ਯਮ ਆਖਦਾ ਹੈ, ''ਭਵਿੱਖ ਵਿਚ ਅਜਿਹਾ ਸਮਾਂ ਵੀ ਆਵੇਗਾ ਜਦੋਂ ਸੁੰਦਰੀਆਂ ਭਰਾਵਾਂ ਨੂੰ ਪਤੀ ਰੂਪ ਵਿਚ ਸਵੀਕਾਰ ਕਰਨਗੀਆਂ।'' ਰਿਗਵੇਦ (10-154;14)। ਇਹ ਸਾਰਾ ਸੰਬਾਦ ਭਾਰਤੀ ਸਮਾਜਿਕ ਅਤੇ ਧਾਰਮਿਕ ਪਰੰਪਰਾ ਦੇ ਉਲਟ ਹੈ। ਫਿਰ ਇਸ ਨੂੰ ਮੰਤਰਾਂ ਰਾਹੀਂ ਵੇਦ ਵਿਚ ਕਿਉਂ ਸ਼ਾਮਲ ਕੀਤਾ ਗਿਆ, ਇਸ ਬਾਰੇ ਪਤਾ ਨਹੀਂ ਲਗਦਾ। ਰਿਗਵੇਦ ਵਿਚਲੇ ਇਸ ਸੰਬਾਦ ਤੋਂ ਪਹਿਲਾਂ ਜਾਂ ਪਿਛੋਂ ਕਦੀ ਭਾਰਤੀ ਸਭਿਆਚਾਰ ਨੇ ਇਸ ਮੱਤ ਦਾ ਸਮਰਥਨ ਨਹੀਂ ਕੀਤਾ।

ਰਿਗਵੇਦ ਦੀ ਕਾਵਿ ਕਲਾ ਅਤੇ ਭਾਸ਼ਾ ਬੜੀ ਸ਼ਕਤੀਸ਼ਾਲੀ ਹੈ। ਕੁਝ ਪ੍ਰਾਰਥਨਾਵਾਂ ਦੇ ਬੋਲ ਦਿਲਾਂ ਅੰਦਰ ਵਸ ਜਾਂਦੇ ਹਨ। ਸੰਸਾਰ ਦੀਆਂ ਕੁਦਰਤੀ ਸ਼ਕਤੀਆਂ ਅੱਗੇ ਆਪਣੀ ਤੁੱਛ ਤਾਕਤ ਦਾ ਮਨੁੱਖ ਨੂੰ ਪੂਰਾ ਅਹਿਸਾਸ ਰਿਹਾ ਹੈ। ਜਲ ਦੇਵਤਾ ਵਰੁਣ ਦੀ ਉਸਤਤ ਕਈ ਥਾਂ ਤੇ ਪ੍ਰਾਪਤ ਹੁੰਦੀ ਹੈ। ਉਸ ਅੱਗੇ ਕੀਤੀ ਪ੍ਰਾਰਥਨਾ ਦਾ ਇਕ ਨਮੂਨਾ ਹਾਜ਼ਰ ਹੈ :

ਹੇ ਵਰੁਣ, ਹੇ ਜਲਦੇਵ
ਮੰਨ ਲਿਆ ਕਿ ਅਸੀਂ ਤੇਰੇ ਹੁਕਮ ਦੀ ਉਲੰਘਣਾ ਕਰ ਜਾਂਦੇ ਹਾਂ,
ਪਰ ਅਸੀਂ ਤਾਂ ਤੇਰੀ ਪਰਜਾ ਹਾਂ।

ਸੋ ਹੇ ਮਾਲਕ
ਸਾਡਾ ਕਚੂਮਰ ਨਾ ਕੱਢ।
ਸਾਡੇ ਉਤੇ ਕਰੋਧਿਤ ਨਾ ਹੋ।
ਸਾਡੇ ਨਾਲ ਰੁੱਸ ਨਾਂਹ।
ਭਗਵਾਨ ਅਸੀਂ ਸਾਧਾਰਨ ਆਦਮੀ ਹਾਂ।
ਸਾਨੂੰ ਖਤਮ ਨਾ ਕਰ। ਸਾਡੇ ਪਾਪ ਖਤਮ ਕਰ।
ਅਸੀਂ ਤੇਰੀ ਉਪਮਾ ਦੇ ਗੀਤ ਗਾਉਂਦੇ ਹਾਂ (1.15.1-2)

ਰਿਗਵੇਦ ਵਿਚ ਕਾਵਿ ਉਡਾਣਾਂ ਖ਼ੂਬਸੂਰਤ ਉਪਮਾਵਾਂ ਨਾਲ ਲੱਦੀਆਂ ਹੋਈਆਂ ਹਨ :

ਚਾਨਣ ਨਾਲ ਲੱਦੀ
ਸੁਨਹਿਰੀ ਊਸ਼ਾ ਪ੍ਰਗਟ ਹੋ ਗਈ।
ਬੱਚਾ ਮਾਂ ਦਾ ਦੁੱਧ ਚੁੰਘਦਾ ਹੈ, ਉਵੇਂ ਸੂਰਜ ਊਸ਼ਾ ਦੀ ਤਰੇਲ ਪੀਦਾ ਹੈ।
ਰਾਤ ਨੇ ਆਪਣਾ ਸਥਾਨ ਊਸ਼ਾ ਵਾਸਤੇ ਛੱਡ ਦਿੱਤਾ ਹੈ।
ਇਹ ਦੋਵੇਂ ਰਿਸ਼ਤੇਦਾਰਾਂ ਵਾਂਗ ਧਰਤੀ ਅਤੇ ਅਸਮਾਨ ਉਤੇ ਵਿਚਰਦੀਆਂ ਹਨ। (1.11.3.2)

ਅਜਿਹੀ ਹੀ ਸੁੰਦਰ ਉਪਮਾ ਨਿਮਨ ਲਿਖਤ ਹੈ।

ਜਿਵੇਂ ਮਾਂ ਵਿਹੂਣੀ ਕੰਨਿਆ ਪਿਤਾ ਦਾ ਸਹਾਰਾ ਲੈਂਦੀ ਹੈ
ਜਿਵੇਂ ਪਤੀ ਨੂੰ ਮਿਲਣ ਵਾਸਤੇ ਇਸਤਰੀ ਸੁੰਦਰ ਬਸਤਰ ਅਤੇ ਗਹਿਣੇ ਪਹਿਨਦੀ ਹੈ
ਉਵੇਂ ਹੀ ਊਸ਼ਾ ਵੀ ਸੁਹਣੀ ਰੋਸ਼ਨੀ ਦੀ ਪ੍ਰਾਪਤੀ ਵਾਸਤੇ ਸੂਰਜ ਪਾਸ ਜਾਂਦੀ ਹੈ। (1.12.4.6)

ਇੰਦਰ ਸਬੰਧੀ ਲਿਖੇ ਭਜਨ ਵਿਚ ਜਗਿਆਸੂ ਆਖਦਾ ਹੈ :-

ਸ਼ਕਤੀ-ਮਿੱਤਰ ਇੰਦਰ ਦੇ ਗੁਣ ਗਾਓ।
ਕੁਝ ਲੋਕ ਆਖਦੇ ਹਨ ਇੰਦਰ ਦੀ ਹੋਂਦ ਨਹੀਂ ਹੈ।
ਕਿਥੇ ਹੈ ਉਹ?
ਕਿਸ ਦੀ ਉਸਤਤ ਵਿਚ ਅਸੀਂ ਸੱਚੇ ਗੀਤ ਗਾਈਏ,
ਕਿਸ ਨੇ ਉਸਨੂੰ ਦੇਖਿਆ ਹੈ?

ਇੰਦਰ ਜਵਾਬ ਦਿੰਦਾ ਹੈ :-

ਅਹਿ ਰਿਹਾ ਮੈਂ।
ਐ ਜਗਿਆਸੂ ਮੈਨੂੰ ਤੱਕ।
ਜਿਥੋਂ ਤਕ ਤਾਕਤ ਦਾ ਸਵਾਲ ਹੈ, ਮੇਰਾ ਕੋਈ ਮੁਕਾਬਲਾ ਨਹੀਂ।

ਅਜਿਹਾ ਕਈ ਥਾਂ ਵਾਪਰਦਾ ਹੈ ਕਿ ਰਿਸ਼ੀ ਯੱਗ ਕਰਦਿਆਂ, ਬਲੀ ਦਿੰਦਿਆਂ, ਗਲਤੀਆਂ ਦੀ ਖਿਮਾ ਮੰਗਦਿਆਂ, ਭਜਨ ਗਾਉਣ ਵੇਲੇ ਅਚਾਨਕ ਬੋਲ ਉਠਦਾ ਹੈ ਕਿ ਉਸ ਨੇ ਦੇਵਤੇ ਨੂੰ ਦੇਖ ਲਿਆ ਹੈ, ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਉਸ ਦੀ ਪੁਕਾਰ ਸੁਣੀ ਗਈ ਹੈ।

ਅਗਨੀ ਪ੍ਰਚੰਡ ਹੋ ਕੇ ਊਸ਼ਾ ਦਾ ਮੁਖੜਾ ਚਮਕਾਉਂਦੀ ਹੈ।
ਪੁਜਾਰੀਆਂ ਦੀਆਂ ਆਵਾਜ਼ਾਂ ਉੱਠਦੀਆਂ ਹਨ ਤਾਂ ਦੇਵਤੇ ਪ੍ਰਸੰਨ ਹੋਏ।

ਐ ਅਸ਼ਵਨੀ ਆਪਣੇ ਰਥ ਤੇ ਸਵਾਰ ਹੋ ਕੇ
ਸ਼ੁਭ ਸਵੇਰ ਸਾਨੂੰ ਦਰਸ਼ਨ ਦੇ ਕੇ ਆਨੰਦਿਤ ਕਰ।

ਮੁਰਦੇ ਦਾ ਅੰਤਮ ਸਸਕਾਰ ਦੇਖੋ –

ਜਿਵੇਂ ਮਾਂ ਆਪਣੇ ਪੁੱਤਰ ਨੂੰ ਵਸਤਰਾਂ ਵਿਚ ਕੱਜ ਲੈਂਦੀ ਹੈ,
ਉਵੇਂ ਹੀ ਹੇ ਧਰਤੀਏ ਇਸ ਲਾਸ਼ ਨੂੰ ਗੋਦ ਵਿਚ ਸੰਭਾਲ ਲੈ।

ਰਿਗਵੇਦ ਵਿਚ ਵਰਣਨ ਕੀਤੇ ਗਏ ਭਜਨਾਂ ਤੋਂ ਆਰੀਆ ਲੋਕਾਂ ਦੇ ਸਮਾਜਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਦਾ ਵੇਰਵੇ ਸਹਿਤ ਵਿਸਥਾਰ ਮਿਲ ਜਾਂਦਾ ਹੈ।

### 1.1.4 ਯਜੁਰਵੇਦ

ਯਜੁਰਵੇਦ ਦੀ ਵਿਚਾਰਧਾਰਾ ਦੀ ਦਿਸ਼ਾ ਕਰਮਕਾਂਡਾਂ ਦੀ ਸਥਾਪਨਾ ਵਲ ਹੈ। ਇਸ ਕਰਕੇ ਇਸ ਵੇਦ ਦੀਆਂ ਸੰਘਿਤਾਵਾਂ ਨੂੰ ਕਰਮਕਾਂਡੀ ਵੈਦਿਕ ਸੰਘਿਤਾਵਾਂ (Liturgical Vedic Samhita) ਆਖਿਆ ਜਾਂਦਾ ਹੈ।

ਵੇਦ ਦੀਆਂ ਦੋ ਸੰਪਰਦਾਵਾਂ ਹਨ :

(1) ਬ੍ਰਹਮ ਸੰਪਰਦਾਇ

(2) ਆਦਿਤੀ ਸੰਪਰਦਾਇ

ਸ਼ਤਪਥ ਬ੍ਰਾਹਮਣ ਗ੍ਰੰਥ ਅਨੁਸਾਰ ਆਦਿਤੀ ਨੂੰ ਸ਼ੁਕਲ-ਯਜੁਸ ਕਿਹਾ ਜਾਂਦਾ ਹੈ ਤੇ ਇਸ ਨਾਲ ਯਗਵਲਕ ਰਿਸ਼ੀ ਦਾ ਨਾਂ ਜੁੜਿਆ ਹੋਇਆ ਹੈ। ਆਦਿਤੀ ਸੰਪਰਦਾਇ ਦਾ ਪ੍ਰਤੀਨਿਧੀ ਸ਼ੁਕਲ ਯਜੁਰਵੇਦ ਹੈ ਪਰ ਬ੍ਰਹਮ ਸੰਪਰਦਾਇ ਦਾ ਪ੍ਰਤੀਨਿਧੀ ਕ੍ਰਿਸ਼ਣਵੇਦ ਅਖਵਾਉਂਦਾ ਹੈ। ਸ਼ੁਕਲ ਅਤੇ ਕ੍ਰਿਸ਼ਨ ਯਜੁਰਵੇਦ ਦੇ ਇਹ ਦੋਵੇਂ ਭੇਦ ਵੇਦ ਦੇ ਸਰੂਪਾਂ ਉਤੇ ਆਧਾਰਿਤ ਹਨ। ਸ਼ੁਕਲ ਯਜੁਰਵੇਦ ਵਿਚ ਮੰਤਰ ਹਨ ਪਰ ਕ੍ਰਿਸ਼ਨ ਯਜੁਰਵੇਦ ਵਿਚ ਮੰਤਰਾਂ ਤੋਂ ਇਲਾਵਾ ਤੰਤਰਯੋਜਕ ਬ੍ਰਾਹਮਣ ਵੀ ਸ਼ਾਮਲ ਹਨ। ਮੰਤਰਾਂ ਵਿਚ ਬ੍ਰਾਹਮਣ ਭਾਗ ਮਿਸ਼ਰਿਤ ਹੋ ਜਾਣ ਤੇ ਇਸ ਨੂੰ ਕ੍ਰਿਸ਼ਨ ਯਜੁਰਵੇਦ ਕਿਹਾ ਜਾਣ ਲੱਗਾ। ਸ਼ੁਕਲ ਵਿਚ ਮੰਤਰ ਵਿਸ਼ੁਧ ਅਤੇ ਮਿਸ਼ਰਿਤ ਹਨ। ਕ੍ਰਿਸ਼ਨ ਯਜੁਰਵੇਦ ਦੀ ਮੁੱਖ ਸ਼ਾਖ, ਤੈਤਰੇਯ ਨਾਮ ਨਾਲ ਪ੍ਰਸਿੱਧ ਹੈ। ਸ਼ੁਕਲ ਯਜੁਰਵੇਦ ਦੀ ਅੰਤਰ ਸੰਘਿਤਾ ਵਿਚ ਕੁਲ ਚਾਲੀ ਅਧਿਆਇ ਹਨ ਤੇ ਅਖੀਰਲੇ ਪੰਦਰਾਂ ਅਧਿਆਇ ਲਿਖਤੀ ਰੂਪ ਵਿਚ ਹਨ। ਸ਼ੁਕਲ ਯਜੁਰਵੇਦ ਦੀ ਮਾਨਤਾ ਕ੍ਰਿਸ਼ਣਵੇਦ ਨਾਲੋਂ ਵਧੇਰੇ ਕੀਤੀ ਜਾਂਦੀ ਰਹੀ ਹੈ।

ਸ਼ੁਕਲ ਯਜੁਰਵੇਦ ਦੀਆਂ ਅਗੋਂ ਕਈ ਸ਼ਾਖਾਵਾਂ ਹੋਈਆਂ, ਜਿਨ੍ਹਾਂ ਵਿਚ ਜਬਾਲੀ, ਤਾਪਨੀਆਂ, ਗਾਰਵੀ, ਕਾਣਵੀ, ਮਧਯੰਦਿਨੀ, ਕਾਯਾਲੀ ਅਤੇ ਵੈਨੇਆ ਅਧਿਕ ਪ੍ਰਸਿੱਧ ਹਨ। ਸਾਰੀਆਂ ਵਿਚੋਂ ਮਧਯੰਦਿਨੀ ਦਾ ਵਧੇਰੇ ਸਤਿਕਾਰ ਹੋਇਆ ਅਤੇ ਇਸ ਸ਼ਾਖਾ ਦਾ ਬ੍ਰਾਹਮਣ ਗ੍ਰੰਥ ਵੀ ਪ੍ਰਾਪਤ ਹੈ। ਮਧਯੰਦਿਨੀ ਨੂੰ ਯਜੁਰਵੇਦ ਦਾ ਸਭ ਤੋਂ ਸ਼ੁਧ ਰੂਪ ਸਵੀਕਾਰ ਕੀਤਾ ਗਿਆ ਹੈ।

ਯਜੁਰਵੇਦ ਨੂੰ ਦੋ ਹਿਸਿਆਂ ਵਿਚ ਵੰਡਿਆ ਗਿਆ ਹੈ :

(1) ਪੂਰਵਾਰਥ

(2) ਉਤਰਾਰਧ

ਜਿਹਾ ਕਿ ਨਾਮ ਤੋਂ ਸਪੱਸ਼ਟ ਹੈ ਕਿ ਪਹਿਲੇ ਅੱਧੇ ਭਾਗ ਨੂੰ ਪੂਰਵਾਰਥ ਤੇ ਪਿਛਲੇ ਅੱਧੇ ਹਿੱਸੇ ਨੂੰ ਉਤਰਾਰਧ ਕਿਹਾ ਜਾਂਦਾ ਹੈ। ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਵੇਦ ਮਨੁੱਖ ਦੀ ਰਚਨਾ ਨਹੀਂ ਮੰਨੇ ਜਾਂਦੇ, ਇਸ ਕਰਕੇ ਵੇਦਾਂ ਦੇ ਰਚਨਹਾਰੇ ਰਿਸ਼ੀਆਂ ਨੂੰ ਮੰਤਰਦ੍ਰਸ਼ਟਾ ਆਖਿਆ ਜਾਂਦਾ ਹੈ ਜਿਸ ਦਾ ਅਰਥ ਹੈ ਉਹ

ਵਿਅਕਤੀ ਜਿਸ ਨੇ ਮੰਤਰ ਦੇਖੇ। ਜਿਹਨਾਂ ਰਿਸ਼ੀਆਂ ਨੇ ਰੱਬ ਦੇ ਰਚੇ ਮੰਤਰ ਦੇਖੇ ਉਹਨਾਂ ਦੇ ਨਾਂ ਮੰਤਰਾਂ ਦੇ ਆਰੰਭ ਵਿਚ ਲਿਖੇ ਹੋਏ ਹਨ।

ਮੁੱਖ ਮੰਤਰ-ਦਰਸ਼ਟਾ ਇਹ ਹਨ – ਪ੍ਰਜਾਪਤਿ, ਵਿਸ਼ਵਦੇਵ, ਮੁਧਦੰਦਾ, ਭਾਰਦਵਾਜ, ਵਿਸ਼ਵਾਮਿਤਰ, ਸਿੰਧੁਦੀਪ, ਵਰੁਣ, ਮੇਘਾਤਿਥੀ, ਕੁਤਸ, ਅਗਸਤ, ਵਸ਼ਿਸ਼ਟ, ਗੌਤਮ, ਗਾਰਗੀ, ਆਂਗਿਰਸ, ਵਾਮਦੇਵ, ਕਸ਼ਯਪ।

ਹਰ ਮੰਤਰੀ ਦੇ ਆਰੰਭ ਵਿਚ ਉਸ ਦੇ ਛੰਦ ਦਾ ਨਾਮ ਦਿੱਤਾ ਗਿਆ ਹੈ। ਫਿਰ ਜਿਸ ਦੇਵ ਦੀ ਉਸਤਤਿ ਕੀਤੀ ਗਈ ਹੈ ਉਸ ਦਾ ਨਾਮ ਹੈ ਤੇ ਨਾਲ ਹੀ ਮੰਤਰ ਉਚਾਰਣ ਕਰਨ ਦੀ ਵਿਧੀ ਵੀ ਦੱਸੀ ਹੈ। ਕੁੱਲ ਚਾਰ ਵੇਦ ਹਨ ਪਰ ਇਹਨਾਂ ਦੇ ਅਗੋਂ ਕਈ ਭੇਦ ਉਪ-ਭੇਦ ਹੋ ਜਾਂਦੇ ਹਨ। ਸ਼ੁੱਧ ਉਚਾਰਣ ਉਤੇ ਖਾਸ ਬਲ ਦਿੱਤਾ ਜਾਂਦਾ ਰਿਹਾ ਹੈ ਕਿਉਂਕਿ ਵਰਨਿਕ ਛੰਦਾਂ ਦਾ ਤੋਲ ਸਹੀ ਉਚਾਰਣ ਨਾਲ ਪੂਰਾ ਨਹੀਂ ਉਤਰਦਾ ਹੈ। ਜੇ ਇਕ ਇਕ ਸ਼ਬਦ ਨੂੰ ਵਾਕ ਦੇ ਵਿਚੋਂ ਨਿਖੇੜ ਲਈਏ ਭਾਵ ਸੰਧੀ ਛੇਦ ਕਰਕੇ ਪੜ੍ਹੀਏ ਤਾਂ ਅੱਖਰਾਂ ਦੀ ਗਿਣਤੀ ਘਟ ਵਧ ਹੋ ਜਾਂਦੀ ਹੈ। ਯਜੁਰਵੇਦ ਦੇ ਮੰਤਰਾਂ ਦੇ ਛੰਦਾਂ ਵਿਚ ਬਾਕੀ ਤਿੰਨਾਂ ਵੇਦਾਂ ਦੇ ਛੰਦਾਂ ਨਾਲੋਂ ਵੱਡਾ ਅੰਤਰ ਇਹ ਹੈ ਕਿ ਇਸ ਵੇਦ ਦੇ ਛੰਦਾਂ ਵਿਚ ਗੱਦ ਰਚਨਾ ਦੇ ਅੰਸ਼ ਹਨ ਜਦੋਂ ਕਿ ਬਾਕੀ ਵੇਦ-ਮੰਤਰ ਕਾਵਿ ਰੂਪ ਵਿਚ ਹੀ ਹਨ। ਕੁਝ ਵਿਦਵਾਨ ਆਖਦੇ ਹਨ ਕਿ ਯਜੁਰ ਦੀ ਗੱਦ ਰਚਨਾ ਵੀ ਛੰਦ ਯੁਕਤ ਹੈ ਪਰ ਇਸ ਸੰਭਾਵਨਾ ਨੂੰ ਸਵੀਕਾਰ ਕਰਨਾ ਸਹਿਲ ਨਹੀਂ।

ਅਜੋਕੀਆਂ ਭਾਸ਼ਾਵਾਂ ਵਿਚ ਵਾਰਤਕ ਦੇ ਛੰਦ ਪ੍ਰਬੰਧ ਬਾਰੇ ਸੁਣਨ ਵਿਚ ਨਹੀਂ ਆਇਆ। ਸੈਲਾਨੀ-ਛੰਦ ਹੀ ਇਸ ਦੀ ਇਕ ਉਦਾਹਰਣ ਹੋ ਸਕਦੀ ਹੈ ਪਰ ਸੈਲਾਨੀ ਛੰਦਾਂ ਦਾ ਵੀ ਆਪਣਾ ਕੋਈ ਛੰਦ ਪ੍ਰਬੰਧ ਨਹੀਂ। ਹਾਂ ਕਵਿਤਾ ਦੇ ਬੰਦ ਚਾਰੇ ਵੇਦਾਂ ਵਿਚ ਥੋੜ੍ਹੀ ਜਿੰਨੀ ਭਿੰਨਤਾ ਨਾਲ ਰਲ ਜਾਂਦੇ ਹਨ। ਚਾਰੇ ਵੇਦਾਂ ਦੀ ਭਿੰਨਤਾ ਕਿਉਂਕਿ ਉਹਨਾਂ ਵਿਚਲੇ ਵਿਸ਼ੇ ਦੇ ਫਰਕ ਕਰਕੇ ਹੈ, ਇਸ ਕਰਕੇ ਕਈ ਵਾਰ ਇਕ ਵੇਦ ਦਾ ਮੰਤਰ ਹੂ-ਬ-ਹੂ ਦੂਜੇ ਵੇਦ ਦੇ ਮੰਤਰ ਨਾਲ ਮਿਲ ਜਾਣ ਦੇ ਬਾਵਜੂਦ ਵੀ ਦੋਹਾਂ ਦੇ ਅਰਥਾਂ ਵਿਚ ਭਾਰੀ ਅੰਤਰ ਹੁੰਦਾ ਹੈ। ਅਰਥ-ਸੰਚਾਰ ਭਾਸ਼ਾ ਦੇ ਉਚਾਰਨ ਢੰਗ ਅਧੀਨ ਚਲਦਾ ਹੈ।

ਯਜੁਰਵੇਦ ਦਾ ਵਿਸ਼ਾ 'ਯੱਗ' ਨਾਲ ਸਬੰਧਿਤ ਹੈ। ਯਜੁਰਵੇਦ ਦੇ ਸ਼ੁਰੂ ਦੇ ਦੋਹਾਂ ਅਧਿਆਵਾਂ ਵਿਚ ਪੂਰਨਮਾਸੀ ਦੇ ਇਕ ਦਿਨ ਵਿਚ ਪੂਰੀਆਂ ਹੋਣ ਵਾਲੀਆਂ ਮਨੁੱਖੀ ਕਾਮਨਾਵਾਂ ਦਾ ਵਰਣਨ ਹੈ। ਤੀਜੇ ਅਧਿਆਇ ਵਿਚ ਚਾਰ ਮਹੀਨਿਆਂ ਦੇ ਅੰਦਰ ਪੂਰੇ ਹੋਣ ਵਾਲੇ ਯੱਗ ਦੀਆਂ ਰੀਤੀਆਂ ਦਾ ਵਰਣਨ ਹੈ। ਚੌਥੇ ਤੇ ਅੱਠਵੇਂ ਅਧਿਆਇ ਤਕ ਸੋਮ ਯੱਗਾਂ ਦਾ ਜ਼ਿਕਰ ਹੈ।

ਸੋਮ, ਇਕ ਬੂਟੀ ਦਾ ਨਾਮ ਹੈ ਜਿਸ ਦਾ ਪੱਥਰਾਂ ਨਾਲ ਕੁੱਟ ਕੁੱਟ ਕੇ ਰਸ ਕੱਢ ਲਿਆ ਜਾਂਦਾ ਹੈ। ਇਸ ਵਿਚ ਦੁੱਧ ਮਿਲਾ ਕੇ ਸਵੇਰ, ਦੁਪਹਿਰ ਅਤੇ ਸਾਮੀ ਅੱਗ ਵਿਚ ਹਵਨ ਕਰ ਦਿਤਾ ਜਾਂਦਾ ਹੈ। ਇਕ ਦਿਨ ਵਿਚ ਖਤਮ ਹੋ ਜਾਣ ਵਾਲੇ ਯੱਗ ਨੂੰ ਏਕਾਰ ਸੋਮਯੱਗ ਕਿਹਾ ਜਾਂਦਾ ਹੈ, ਵਡੇ ਯੱਗ ਨੂੰ 'ਰਜਸੂਯ' ਆਖਿਆ ਜਾਂਦਾ ਹੈ, ਜਿਸ ਦੀਆਂ ਵਿਧੀਆਂ ਏਕਾਰ ਯੱਗ ਨਾਲੋਂ ਵਧੀਕ ਜਟਿਲ ਹਨ। ਇਹਨਾਂ ਦੋਵਾਂ ਯੱਗਾਂ ਨਾਲ ਸੰਬੰਧਿਤ ਮੰਤਰ ਨੌਵੇਂ ਤੇ ਦਸਵੇਂ ਅਧਿਆਏ ਵਿਚ ਦਿੱਤੇ ਹਨ। ਗਿਆਰ੍ਹਵੇਂ ਤੇ ਅਠਾਰ੍ਹਵੇ ਅਧਿਆਇ ਤਕ ਯੱਗਾਂ ਦਾ ਹੀ ਹੋਮ ਅਗਨੀ ਵਾਸਤੇ ਵੇਦੀ ਨਿਰਮਾਣ ਦੇ ਕਾਰਜ ਨਾਲ ਸਬੰਧਿਤ ਵਰਣਨ ਬੜੇ ਲੰਮੇ ਚੌੜੇ ਵਿਸਥਾਰ ਨਾਲ ਕੀਤਾ ਹੈ।

ਵੇਦੀ ਦੀ ਉਸਾਰੀ ਦਸ ਹਜ਼ਾਰ ਅੱਠ ਸੌ ਇੱਟਾਂ ਨਾਲ ਕੀਤੀ ਜਾਂਦੀ ਸੀ ਤੇ ਇਹ ਇੱਟਾਂ ਵੱਖ ਵੱਖ ਆਕਾਰ ਦੀਆਂ ਹੁੰਦੀਆਂ ਸਨ ਤੇ ਵੱਖ ਵੱਖ ਨਿਸ਼ਚਿਤ ਥਾਵਾਂ ਤੋਂ ਮੰਗਵਾਈਆਂ ਜਾਂਦੀਆਂ ਸਨ। ਵੇਦੀ ਦੀ ਸ਼ਕਲ ਖੰਭ ਫੈਲਾਏ ਹੋਏ ਪੰਛੀ ਵਾਂਗ ਹੁੰਦੀ ਹੈ। ਬ੍ਰਾਹਮਣ-ਮੰਤਰਾਂ ਵਿਚ ਵੇਦੀ ਅਤੇ ਵੱਖ ਵੱਖ ਪ੍ਰਕਾਰ ਦੀਆਂ ਇੱਟਾਂ ਦੇ ਅਧਿਆਤਮਕ ਰਹੱਸ ਦੀ ਵਿਥਿਆ ਬਰੀਕ-ਬੀਨੀ ਨਾਲ ਕੀਤੀ ਗਈ ਹੈ। ਉੱਨੀ

ਵੀਹ ਅਤੇ ਇੱਕੀਵੇਂ ਅਧਿਆਏ ਵਿਚ ਸੌਤਰਾਮਣੀ ਯੱਗ ਦਾ ਵਿਧਾਨ ਹੈ। ਕਿਹਾ ਜਾਂਦਾ ਹੈ ਕਿ ਵਧੇਰੇ ਸੋਮ ਰਸ ਪੀਣ ਕਰਕੇ ਇੰਦਰ ਦੇਵਤੇ ਨੂੰ ਬਿਮਾਰੀ ਲਗ ਗਈ ਸੀ। ਸੌਤਰਾਮਣੀ ਯੱਗ ਰਾਹੀਂ ਅਸ਼ਵਨੀ ਨੇ ਉਸ ਦਾ ਇਲਾਜ ਕੀਤਾ ਸੀ। ਇਸ ਯੱਗ ਦੌਰਾਨ ਸ਼ਰਾਬ ਪੀਣ ਦਾ ਵੀ ਵਿਧਾਨ ਲਿਖਿਆ ਹੈ। ਬਾਈ ਤੋਂ ਪੱਚੀਵੇਂ ਅਧਿਆਏ ਵਿਚ ਅਸ਼ਵਮੇਧ ਯੱਗ ਦੀ ਪ੍ਰਣਾਲੀ ਹੈ।

ਅਸ਼ਵਮੇਧ ਯੱਗ ਕੇਵਲ ਵੱਡਾ ਸਮਰਾਟ ਹੀ ਕਰਿਆ ਕਰਦਾ ਸੀ। ਅਸ਼ਵ, ਘੋੜੇ ਨੂੰ ਆਖਿਆ ਜਾਂਦਾ ਹੈ। ਆਪਣੇ ਰਾਜ ਦੀਆਂ ਹੱਦਾਂ ਦਾ ਵਿਸਥਾਰ ਕਰਨ ਵਾਸਤੇ, ਦੂਰ ਦੂਰ ਤੱਕ ਚੁਫੇਰੇ ਰਾਜੇ ਦੇ ਪ੍ਰਤੀਨਿਧ ਘੋੜੇ ਫਿਰਾਉਂਦੇ ਸਨ। ਘੋੜੇ ਦੀ ਚਾਲ ਦੁਆਰਾ ਨਿਰਧਾਰਿਤ ਰਸਤਾ ਰਾਜ ਦੀ ਨਵੀਂ ਸੀਮਾ ਹੁੰਦਾ ਸੀ। ਜੇ ਕੋਈ ਛੋਟਾ ਰਾਜਾ ਜਾਂ ਰਾਜਕੁਮਾਰ ਆਪਣੇ ਰਾਜ ਨੂੰ ਸਮਰਾਟ ਦੇ ਰਾਜ ਅਧੀਨ ਨਾ ਕਰਨਾ ਚਾਹੁੰਦਾ ਉਹ ਘੋੜੇ ਦੀ ਲਗਾਮ ਫੜ ਲੈਂਦਾ ਸੀ। ਇਸ ਦਾ ਭਾਵ ਹੁੰਦਾ ਸੀ ਕਿ ਲਗਾਮ ਫੜਨ ਵਾਲਾ ਆਦਮੀ ਸਮਰਾਟ ਨਾਲ ਜੰਗ ਕਰਨ ਦਾ ਇਛਕ ਹੈ। ਜੰਗ ਹੁੰਦੀ ਤੇ ਵਿਜੈ ਉਪਰੰਤ ਜੇਤੂ ਘੋੜਾ ਛੁਡਾ ਕੇ ਲੈ ਜਾਂਦਾ ਸੀ। ਅਖੀਰ ਵਿਚ ਇਸ ਘੋੜੇ ਦੀ ਬਲੀ ਯੱਗ ਵਿਚ ਦਿੱਤੀ ਜਾਂਦੀ ਸੀ। 26 ਤੋਂ 29 ਅਧਿਆਇ ਵਿਚ ਖਿਲ ਮੰਤਰ ਆਉਂਦੇ ਹਨ ਤੇ ਇਨ੍ਹਾਂ ਵਿੱਚ ਪਹਿਲੇ ਨਿਸ਼ਚਿਤ ਕੀਤੇ ਯੱਗ ਵਿਧਾ ਸੰਬੰਧੀ ਹੀ ਨਵੇਂ ਮੰਤਰ ਹਨ। ਤੀਹਵੇਂ ਅਧਿਆਏ ਵਿਚ ਪੁਰਸ਼ਮੇਧ ਯੱਗ ਦਾ ਵਰਣਨ ਹੈ।

ਇਕੱਤੀ ਤੋਂ ਚੌਤੀਵੇਂ ਅਧਿਆਏ ਵਿਚ ਸੂਕਤ ਹਨ ਜਿਨ੍ਹਾਂ ਵਿਚ ਸਭ ਤੋਂ ਪ੍ਰਸਿਧ ਪੁਰਸ਼ ਸੂਕਤ ਹੈ। ਪੈਂਤੀਵੇਂ ਅਧਿਆਇ ਵਿਚ ਪਿਤਰਮੇਧ ਮੰਤਰ ਅਤੇ 36, 37, 38, 39ਵੇਂ ਅਧਿਆਏ ਵਿਚ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ। ਅੱਗ ਉਤੇ ਕੜਾਹੀ ਰੱਖ ਦਿੱਤੀ ਜਾਂਦੀ ਹੈ ਜਿਹੜੀ ਗਰਮ ਹੋ ਕੇ ਲਾਲ ਸੁਰਖ ਹੋ ਜਾਂਦੀ ਹੈ। ਇਸ ਨੂੰ ਸੂਰਜ ਦਾ ਪ੍ਰਤੀਕ ਮੰਨ ਲਿਆ ਜਾਂਦਾ ਹੈ। ਦੁੱਧ ਉਬਾਲ ਕੇ ਅਸ਼ਵਨੀ ਦੇ ਭੇਟਾ ਕੀਤਾ ਜਾਂਦਾ ਹੈ। ਕੜਾਹੀ ਦੇ ਪਿਛੇ ਯੱਗ ਦੀ ਸਮਗਰੀ ਇਸ ਤਰੀਕੇ ਨਾਲ ਚਿਣੀ ਜਾਂਦੀ ਹੈ ਕਿ ਉਹ ਮਨੁੱਖੀ ਸ਼ਕਲ ਦੀ ਪ੍ਰਤੀਤ ਹੋਵੇ। ਅਖੀਰਲਾ ਚਾਲੀਵਾਂ ਅਧਿਆਇ ਈਸ਼ਵਾਸਯ ਉਪਨਿਸ਼ਦ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਨਿੱਕੀ ਜਿਹੀ ਰਚਨਾ ਉਪਨਿਸ਼ਦਾਂ ਦਾ ਪਿਤਾਮਾ ਮੰਨੀ ਜਾਂਦੀ ਹੈ ਕਿਉਂਕਿ ਇਸ ਤੋਂ ਬਿਨਾਂ ਹੋਰ ਕੋਈ ਉਪਨਿਸ਼ਦ ਸੰਘਿਤਾ ਦਾ ਹਿੱਸਾ ਨਹੀਂ ਬਣਿਆ ਕਰਦਾ ਸੀ।

ਯੱਗ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕੀਤੇ ਜਾਂਦੇ ਹਨ। ਯਜੁਰਵੇਦ ਸ਼ਬਦ ਦਾ ਅਰਥ ਹੀ ਦੇਵ ਪੂਜਾ ਹੈ। ਦੇਵਤੇ ਪ੍ਰਮਾਤਮਾ ਦੀਆਂ ਭਿੰਨ ਭਿੰਨ ਸ਼ਕਤੀਆਂ ਦੇ ਪ੍ਰਤੀਨਿਧ ਹਨ। ਅਗਨੀ ਅਤੇ ਯੱਗ ਦਾ ਆਪਸ ਵਿਚ ਅਨਿੱਖੜਵਾਂ ਸੰਬੰਧ ਹੈ। ਜੋ ਵਸਤ ਯੱਗ ਵਿਚ ਅਗਨੀ ਭੇਟ ਹੋਵੇਗੀ ਉਹ ਦੇਵਤਿਆਂ ਦੇ ਮੁੱਖ ਵਿਚ ਪਹੁੰਚ ਜਾਵੇਗੀ, ਇਹ ਵਿਸ਼ਵਾਸ ਸੀ। ਧਰਮ, ਅਰਥ, ਕਾਮ ਅਤੇ ਮੋਕਸ਼ ਦੀ ਪ੍ਰਾਪਤੀ ਯੱਗਾਂ ਰਾਹੀਂ ਸੰਭਵ ਮੰਨੀ ਜਾਂਦੀ ਸੀ। ਯੱਗ ਵਿਚ ਉਚਾਰਨ ਕੀਤੇ ਮੰਤਰ ਕਿਹੋ ਜਿਹੇ ਹੁੰਦੇ ਹਨ, ਉਹਨਾਂ ਦਾ ਨਮੂਨਾ ਪੇਸ਼ ਹੈ :

ਹੇ ਸਭ ਦੇ ਪ੍ਰੇਰਨਾ ਸਰੋਤ ਭਗਵਾਨ  
ਯੱਗ ਨੂੰ ਪੂਰਨ ਬਣਾਉ।  
ਜਜਮਾਨ ਈਸ਼ਵਰੀ ਭਗਤੀ ਵੱਲ ਪ੍ਰੇਰਿਆ ਜਾਵੇ  
ਸਾਡੇ ਅਨਾਜ ਨੂੰ ਹੇ ਸੂਰਜ ਪਵਿਤਰ ਕਰੋ  
ਹੇ ਪਰਜਾਪਤੀ ਮਾਲਕ ਸਾਡੀਆਂ ਭੇਟਾਂ ਸਵੀਕਾਰ ਕਰੋ।  
ਹੇ ਭਗਵਾਨ ਅਸੀਂ ਕਰਮ ਕਰਦੇ ਰਹੀਏ  
ਅਸੀਂ ਸੌ ਵਰ੍ਹੇ ਜੀਵਤ ਰਹੀਏ

ਸਾਨੂੰ ਸ਼ਕਤੀ ਦੇਹ।

ਅਸੀਂ ਸੌ ਵਰ੍ਹੇ ਦੇਖਦੇ ਰਹੀਏ।

ਯਜੁਰਵੇਦ ਵਿਚ ਵਿਸ਼ੇਸ਼ ਗੱਲ ਦੇਖਣ ਵਾਲੀ ਇਹ ਹੈ ਕਿ ਇਸ ਵਿਚਲੀਆਂ ਪ੍ਰਾਰਥਨਾਵਾਂ ਮਨੁੱਖ ਨੂੰ ਆਸ਼ਾਵਾਦੀ ਦ੍ਰਿਸ਼ਟੀਕੋਣ ਪ੍ਰਦਾਨ ਕਰਦੀਆਂ ਹਨ। ਲੋਕ ਪ੍ਰਤੀਤ ਕਰਦੇ ਸਨ ਕਿ ਯੱਗ ਹੋ ਗਿਆ ਤਾਂ ਕੀਤੀਆਂ ਪ੍ਰਾਰਥਨਾਵਾਂ ਜ਼ਰੂਰ ਪੂਰੀਆਂ ਹੋਣਗੀਆਂ। ਇਸ ਆਸ ਨਾਲ ਨਿਰਾਸਤਾ ਜੀਵਨ ਦੇ ਨੇੜੇ ਨਹੀਂ ਸੀ ਲਗ ਸਕਦੀ। ਦੂਜੀ ਖਾਸ ਗੱਲ ਇਹ ਹੈ ਕਿ ਵਰਦਾਨ ਸਮੂਹ ਜਨ ਕਲਿਆਣ ਲਈ ਮੰਗੇ ਗਏ ਹਨ ਖਾਸ ਵਿਅਕਤੀ ਲਈ ਨਹੀਂ। ਮੀਂਹ ਪਵੇ, ਹਵਾ ਸ਼ੁੱਧ ਹੋਵੇ, ਸੂਰਜ ਦੀਆਂ ਕਿਰਨਾਂ ਅਨਾਜ ਨੂੰ ਪਵਿੱਤਰ ਕਰਨ ਆਦਿਕ ਸਾਰੀਆਂ ਕਾਮਨਾਵਾਂ ਸਾਰੀ ਮਨੁੱਖਤਾ ਲਈ ਹਨ। ਸੋ ਖਿਆਲ ਕੀਤਾ ਜਾਂਦਾ ਸੀ ਕਿ ਯੱਗ ਤਾਂ ਉਹ ਬੰਦਾ ਕਰਵਾ ਸਕਦਾ ਹੈ ਜਿਹੜਾ ਅਜਿਹਾ ਕਰਨ ਦੇ ਸਮਰਥ ਹੋਵੇ, ਪਰ ਯੱਗ ਕਲਿਆਣਕਾਰੀ ਸਾਰਿਆਂ ਲਈ ਹੀ ਹੁੰਦਾ ਹੈ।

### 1.1.5 ਸਾਮਵੇਦ

'ਸਾਮ' ਸ਼ਬਦ ਦਾ ਸਬੰਧ ਗਾਇਨ ਨਾਲ ਹੈ। ਦਰਅਸਲ ਰਿਗਵੇਦ ਦੇ ਉਹ ਮੰਤਰ ਜਿਹਨਾਂ ਦਾ ਗਾਇਨ ਕੀਤਾ ਜਾਂਦਾ ਸੀ, ਸਾਮ ਅਖਵਾਉਂਦੇ ਸਨ। ਵੱਖ ਵੱਖ ਸੁਰਾਂ, ਧੁਨਾਂ ਉਤੇ ਗਾਏ ਜਾਣ ਵਾਲੇ ਭਜਨ ਬਾਅਦ ਵਿਚ ਵੱਖ ਕਰ ਲਏ ਗਏ ਤੇ ਇਹੀ ਸਾਮਵੇਦ ਬਣ ਗਿਆ। ਰਿਗਵੇਦ ਅਤੇ ਸਾਮਵੇਦ ਦੇ ਸੰਬੰਧ ਪਤੀ, ਪਤਨੀ ਦੇ ਸਬੰਧਾਂ ਵਾਂਗ ਕਲਪੇ ਗਏ ਹਨ। ਪਤੀ, ਪਤਨੀ ਨੂੰ ਸੰਤਾਨ ਉਤਪਤੀ ਵਾਸਤੇ ਪ੍ਰੇਰਿਤ ਕਰਦਾ ਹੋਇਆ ਆਖਦਾ ਹੈ :

''ਮੈਂ ਸਾਮਰੂਪ ਪਤੀ ਹਾਂ

ਤੂੰ ਰਿਗ ਰੂਪ ਪਤਨੀ ਹੈਂ।

ਮੈਂ ਆਕਾਸ਼ ਹਾਂ ਅਤੇ ਤੂੰ ਪ੍ਰਿਥਵੀ ਹੈ।

ਆਉ ਅਸੀਂ ਦੋਵੇਂ ਮਿਲ ਕੇ ਪਰਜਾ ਦੀ ਉਤਪਤੀ ਕਰੀਏ।''

ਜੈਮਿਨੀ ਸੂਤਰ ਅਨੁਸਾਰ ਗੀਤਾਂ ਨੂੰ ਹੀ ਸਾਮ ਕਿਹਾ ਜਾਂਦਾ ਸੀ। ਛਾਂਦੋਗਯ ਉਪਨਿਸ਼ਦ ਵਿਚ ਲਿਖਿਆ ਹੈ ਕਿ ਸਾਮ ਦਾ ਸਰੂਪ ਧੁਨੀ ਹੈ। ਬ੍ਰਿਹਦ-ਆਰਣਯਕ ਉਪਨਿਸ਼ਦ ਅਨੁਸਾਰ 'ਸਾ' ਸ਼ਬਦ ਦਾ ਅਰਥ ਹੈ 'ਰਿਗ' ਅਤੇ 'ਆਮ' ਦਾ ਭਾਵ ਹੈ ਧੁਨੀਆਂ। ਸੋ ਸਾ+ਅਮ=ਰਿਗਵੇਦ ਦੀਆਂ ਸੰਗਤੀਮਈ ਧੁਨੀਆਂ। ਸਾਮਵੇਦ ਜਿਹੜਾ ਗਿਆਨ ਦਿੰਦਾ ਹੈ ਉਹ ਗਾਇਨ ਕਰਨ ਦੀ ਵਿਦਿਆ ਹੈ।

ਸਾਮ ਵੇਦ ਦੇ ਤਿੰਨ ਭਾਗ ਕੀਤੇ ਹਨ :-

(ੳ) ਪੂਰਵ ਅਰਚਿਕ

(ਅ) ਅਗਨੀ ਅਰਚਿਕ ਮੱਧਯ

(ੲ) ਉਤਰ ਅਰਚਿਕ

ਇਹਨਾਂ ਤਿੰਨਾਂ ਵਿਚੋਂ ਪੂਰਬ ਅਰਚਿਕ ਅਤੇ ਉੱਤਰ ਅਰਚਿਕ ਮੁੱਖ ਹਨ। ਵਿਚਕਾਰਲੇ ਭਾਗ ਮੱਧਮ ਅਰਚਿਕ ਵਿਚ ਸਿਰਫ ਦਸ ਸਲੋਕ ਹਨ। ਪੂਰਬ ਅਰਚਿਕ ਵਿਚ ਛੇ ਅਧਿਆਇ ਹਨ, ਹਰੇਕ ਅਧਿਆਇ ਦੇ ਦੋ ਦੋ ਖੰਡ ਹਨ, ਹਰੇਕ ਖੰਡ ਵਿਚ ਇਕ ਦਸਤੀ ਅਤੇ ਦਸਤੀ ਵਿਚ ਰਿਚਾਵਾਂ ਹਨ। ਦਸਤੀ ਸ਼ਬਦ ਤੋਂ ਲਗਦਾ ਹੈ ਜਿਵੇਂ ਇਸ ਵਿਚ ਰਿਚਾਵਾਂ ਹੋਣਗੀਆਂ, ਪਰ ਇਹ ਗਿਣਤੀ ਵੱਧ ਘੱਟ ਹੋ ਜਾਂਦੀ ਹੈ।

ਪਹਿਲੇ ਅਧਿਆਇ ਨੂੰ ਅਗਨੇਸ਼ ਕਾਂਡ ਜਾਂ ਪੂਰਵ ਕਿਹਾ ਜਾਂਦਾ ਹੈ। ਇਸ ਵਿਚ ਅਗਨੀ ਨਾਲ ਸੰਬੰਧਤ ਮੰਤਰਾਂ ਦਾ ਉਚਾਰਣ ਕੀਤਾ ਹੈ। ਅਗਨੀ ਦੇਵ ਦੀ ਅਰਾਧਨਾ ਕੀਤੀ ਗਈ ਹੈ। ਲਿਖਿਆ ਹੈ

ਕਿ ਅਗਨੀ ਨੂੰ ਸੂਰਜ ਨੇ ਧਰਤੀ ਵਿਚ ਛੁਪਾ ਦਿੱਤਾ ਸੀ। ਜਿਵੇਂ ਧਰਤੀ ਵਿਚ ਲੁਪਤ ਅਗਨੀ ਹੈ, ਉਵੇਂ ਸਰੀਰ ਵਿਚ ਆਤਮਾ ਦੀ ਮੌਜੂਦਗੀ ਹੈ। ਅਗਨੀ ਦੇਵ ਨੂੰ ਆਂਗਿਰਸ ਕਿਹਾ ਹੈ ਜਿਸ ਦਾ ਭਾਵ ਹੈ ਅੰਗਾਂ ਵਿਚ ਰਸ ਵਾਂਗ ਮੌਜੂਦ ਹੈ।

ਦੂਜਾ, ਤੀਜਾ ਅਤੇ ਚੌਥਾ ਅਧਿਆਇ ਇੰਦਰ ਦੀ ਉਸਤਤਿ ਵਿਚ ਰਚਿਆ ਹੋਣ ਕਰਕੇ ਪਰਵ ਅਖਵਾਉਂਦਾ ਹੈ। ਇੰਦਰ ਦੇ ਵੀ ਬੜੇ ਅਰਥ ਹਨ-ਇਹ ਇਕ ਦੇਵਤਾ ਦਾ ਨਾਮ ਹੈ। ਇੰਦਰੀਆਂ ਲਈ ਵੀ ਸ਼ਬਦ ਵਰਤਿਆ ਜਾਂਦਾ ਹੈ ਤੇ ਆਤਮਾ ਪਰਮਾਤਮਾ ਵਾਸਤੇ ਵੀ। ਪਾਨਿਨੀ ਲਿਖਦਾ ਹੈ, ''ਇੰਦਰ ਦਾ ਬੋਧ ਕਰਵਾਉਣ ਵਾਲਾ ਲਿੰਗ, ਇੰਦਰ ਦਾ ਦੇਖੀਆ, ਇੰਦਰ ਤੋਂ ਪੈਦਾ ਹੋਇਆ, ਇੰਦਰ ਰਾਹੀਂ ਪਰਵਾਨ ਚੜ੍ਹਿਆ ਤੇ ਇੰਦਰ ਦੀ ਸ਼ਕਤੀ ਦੁਆਰਾ ਕਾਰਜਸ਼ੀਲ ਹੋਣ ਕਾਰਨ ਹੀ ਇਸ ਨੂੰ ਇੰਦਰ ਕਿਹਾ ਜਾਂਦਾ ਹੈ। ਸਾਮਵੇਦ ਵਿਚ ਇਹ ਵੀ ਲਿਖਿਆ ਹੈ, ''ਕਿ ਇੰਦਰ ਹੀ ਉਹ ਮਹਾਨ ਤਾਕਤ ਹੈ ਜਿਸ ਨੇ ਧਰਤੀ ਅਤੇ ਆਕਾਸ਼ ਦੀ ਸਥਾਪਨਾ ਕੀਤੀ ਹੈ।

ਪੰਜਵਾਂ ਅਧਿਆਇ ਪਵਮਾਨ ਅਖਵਾਉਂਦਾ ਹੈ। ਪਵਮਾਨ ਵਿਚ ਸੋਮ ਦੇਵ ਦੇ ਭਜਨ ਹਨ ਅਤੇ ਇਹ ਭਜਨ ਰਿਗਵੇਦ ਦੇ ਨੌਵੇਂ ਮੰਡਲ ਵਿਚੋਂ ਲਏ ਗਏ ਹਨ। ਸੋਮ ਰਸ ਪੀਣ ਨਾਲ ਸਰੀਰ ਵਿਚ ਆਨੰਦ ਆ ਜਾਂਦਾ ਹੈ ਇਸ ਕਰਕੇ ਰਿਸ਼ੀ ਸੋਮ ਬੂਟੀ ਨੂੰ ਕੋਈ ਪਦਾਰਥਕ ਜੜ੍ਹ ਵਸਤੂ ਨਹੀਂ ਮੰਨਦੇ। ਇਸਨੂੰ ਅਧਿਆਤਮਕ ਲੱਛਣ ਪ੍ਰਦਾਨ ਕੀਤੇ ਗਏ ਹਨ। ਸੋਮ ਦੇ ਅਨੇਕ ਅਰਥ ਹਨ ਆਨੰਦ, ਪਰਜਾਪਤੀ ਬ੍ਰਾਹਮਣ, ਪੁਰਾਣ ਆਦਿ ਸੰਬੋਧਨੀ ਸ਼ਬਦ ਇਸ ਦੇ ਅਰਥ ਵਿਸਥਾਰ ਵਲ ਇਸ਼ਾਰਾ ਕਰਦੇ ਹਨ। ਕਿਹਾ ਗਿਆ ਹੈ ਕਿ ਸੋਮ ਖਜ਼ਾਨੇ, ਦਾਤਾਂ ਦਿੰਦਾ ਹੈ। ਵਿਸ਼ਵ ਨੂੰ ਪੈਦਾ ਕਰਨ ਵਾਲਾ ਉਹੀ ਹੈ। ਉਹੀ ਆਤਮਾ ਹੈ ਉਹੀ ਪੁਰਾਣਾਂ ਦਾ ਆਧਾਰ 'ਪਰਮਾਤਮਾ' ਲਿਖਿਆ ਹੈ, ''ਹੇ ਸੋਮ ਸਾਡੀ ਆਤਮਾ ਨੂੰ ਬਲਵਾਨ ਬਣਾਉਣ ਹਿਤ ਗਿਆਨ ਰਸ ਪ੍ਰਦਾਨ ਕਰੋ।''

ਸੋਮ ਦੇਵ ਅੱਗੇ ਪ੍ਰਾਰਥਨਾ ਕੀਤੀ ਗਈ ਹੈ :

ਹੇ ਖੁਸ਼ੀਆਂ ਦੇ ਦਾਤਾ<br>
ਹੇ ਮੰਗਲਮਈ ਸੋਮ ਦੇਵ<br>
ਸਾਨੂੰ ਧਨ ਸੰਪਤੀ ਦੇਹ।<br>
ਅਨਾਜ ਅਤੇ ਵਿਦਿਆ ਦੀ ਦਾਤ ਬਖਸ਼<br>
ਸੁਖ ਸ਼ਾਂਤੀ ਦਾ ਮੀਂਹ ਪਾ।<br>
ਹੇ ਦੇਵ ਤਾਕਤ ਦੀ ਅਭਿਲਾਸ਼ਾ ਲੈ ਕੇ ਅਸੀਂ ਤੇਰੀ ਬੰਦਗੀ ਕਰਦੇ ਹਾਂ।

ਸੋਮ ਦੇਵ ਇੰਦਰੀਆਂ ਨੂੰ ਵਸ ਵਿਚ ਕਰਵਾਉਂਦਾ, ਲੋੜ ਤੋਂ ਵਧੇਰੇ ਆਨੰਦ ਪ੍ਰਾਪਤੀ ਤੋਂ ਰੋਕਦਾ ਹੈ ਕਿਉਂਕਿ ਵਿਲਾਸਤਾ ਮਨੁੱਖ ਦੇ 'ਵਿਨਾਸ਼ ਦਾ ਕਾਰਣ ਬਣਦੀ ਹੈ। ਮਨੁੱਖ ਨੂੰ ਭੋਗਾਂ ਤੋਂ ਉਪਰ ਉਠਣ ਲਈ ਕਿਹਾ ਹੈ। ਵਾਸ਼ਨਾਵਾਂ ਨੂੰ ਕਾਬੂ ਕਰਕੇ ਰੱਖਣ ਵਾਲੇ ਮਨੁੱਖ ਸੁਖੀ ਅਤੇ ਲੰਮੀ ਉਮਰ ਭੋਗਣ ਵਾਲੇ ਹੁੰਦੇ ਹਨ।

ਨੌਵੇਂ ਅਧਿਆਇ ਦਾ ਨਾਮ ਅਰਣਯਕ ਪਰਵ ਹੈ। ਇਸ ਅਧਿਆਏ ਵਿਚ ਦੇਵਤੇ ਵੀ ਨਵੇਂ ਹਨ ਅਤੇ ਛੰਦ ਵੀ, ਪਰ ਗਾਇਨ ਦੇ ਢੰਗਾਂ ਦੀ ਬਾਕੀ ਅਧਿਆਵਾਂ ਨਾਲ ਸਾਂਝ ਹੈ। ਕੁਲ ਪਚਵੰਜਾ ਸ਼ਲੋਕ ਦਰਜ ਹਨ। ਪੰਜਵੇਂ ਅਧਿਆਇ ਤਕ ਦੀਆਂ ਰਿਚਾਵਾਂ ਨੂੰ ਗ੍ਰਾਮ ਕਿਹਾ ਜਾਂਦਾ ਹੈ, ਪਰ ਛੇਵੇਂ ਅਧਿਆਇ ਦੀਆਂ ਰਿਚਾਵਾਂ ਜੰਗਲਾਂ ਵਿਚ ਗਾਈਆਂ ਜਾਣ ਕਰਕੇ ਆਰਣਯ ਅਖਵਾਉਂਦੀਆਂ ਹਨ।

ਗ੍ਰਾਮ ਗਾਇਨ ਵਿਚ ਪਿੰਡ ਦੇ ਸਾਰੇ ਲੋਕ ਇਕੱਠੇ ਹੋ ਕੇ ਭਜਨ ਗਾਉਂਦੇ ਅਤੇ ਸੁਣਦੇ ਸਨ ਪਰ

ਆਰਣਯ ਗਾਇਣ ਇਕਾਂਤ ਵਿਚ ਜੰਗਲਾਂ ਵਿਚ ਸਮਾਜ ਤੋਂ ਦੂਰ ਰਹਿ ਕੇ ਗਾਏ ਜਾਂਦੇ ਹਨ। ਖਿਆਲ ਸੀ ਕਿ ਆਰਣਯ ਗੀਤ ਅਦਭੂਤ ਸ਼ਕਤੀਆਂ ਰਖਦੇ ਸਨ ਤੇ ਇਹਨਾਂ ਦੇ ਰਹੱਸ ਪੇਂਡੂ ਲੋਕ ਨਹੀਂ ਜਾਣ ਸਕਦੇ । ਕਿਤੇ ਇਹਨਾਂ ਦੀ ਪਵਿੱਤਰਤਾ ਭੰਗ ਨਾ ਹੋ ਜਾਵੇ। ਚੰਗਾ ਹੈ ਲੋਕਾਂ ਤੋਂ ਦੂਰ ਵਣਾਂ ਵਿਚ ਗਾਇਨ ਕੀਤਾ ਜਾਵੇ। ਜੰਗਲਾਂ ਦਾ ਵਾਤਾਵਰਣ ਪਵਿੱਤਰ ਹੁੰਦਾ ਹੈ ਤੇ ਉਥੇ ਕੋਈ ਧੁਨੀ ਵਿਗੜ ਨਹੀਂ ਸਕਦੀ। ਸਪੱਸ਼ਟ ਹੈ ਗ੍ਰਾਮ ਗਾਇਨ ਨਾਲੋਂ ਆਰਣਯ ਗਾਇਨ ਵਧੀਕ ਸ਼ੁੱਧ ਮੰਨ ਕੇ ਵਧੀਕ ਸਤਿਕਾਰੇ ਅਤੇ ਸੰਭਾਲੇ ਜਾਂਦੇ ਸਨ।

ਪੂਰਬ ਅਰਚਿਕ ਵਿਚ ਮੰਤਰਾਂ ਦੀ ਕੁਲ ਗਿਣਤੀ 650 ਹੈ। ਵਿਚਕਾਰਲੇ ਭਾਵ ਅਗਨੀ ਅਰਚਿਕ ਭਾਗ ਵਿਚ ਕੇਵਲ ਦਸ ਸਲੋਕ ਹਨ। ਇਸ ਵਿਚ ਪਰਜਾਪਤੀ ਰਿਸੀ ਨੇ ਇੰਦਰ ਦੇਵ ਦੀ ਭਗਤੀ ਕੀਤੀ ਹੈ। ਤੀਜੇ ਭਾਗ, ਉਤਰ ਅਰਚਿਕ ਵਿਚ ਨੌ ਅਧਿਆਇ ਹਨ ਅਤੇ 1235 ਸਲੋਕ। ਅਧਿਆਵਾਂ ਦੀ ਗਿਣਤੀ ਵੱਖ ਵੱਖ ਸਾਮਵੇਦ ਦੀਆਂ ਸੰਪਰਦਾਵਾਂ ਮੁਤਾਬਕ ਵੱਖ-ਵੱਖ ਕੀਤੀ ਗਈ ਹੈ। ਕੈਥਮ ਸੰਪਰਦਾ ਅਨੁਸਾਰ ਇੱਕੀ ਕਾਂਡ ਹਨ। ਸਲੋਕਾਂ ਦੀ ਗਿਣਤੀ ਬਾਰੇ ਸਾਰੀਆਂ ਸੰਪਰਦਾਵਾਂ ਇਕ ਮੱਤ ਹਨ। ਇਹਨਾਂ ਸਲੋਕਾਂ ਨੂੰ ਕਿਸੇ ਖਾਸ ਨੇਮ ਅਧੀਨ, ਭਾਵ ਵਿਸ਼ਾ ਵਸਤੂ ਨੂੰ ਮੁਖ ਰੱਖ ਕੇ ਤਰਤੀਬਬੱਧ ਨਹੀਂ ਕੀਤਾ ਗਿਆ, ਸਗੋਂ ਜੋ ਵੀ ਸਲੋਕ ਪ੍ਰਾਪਤ ਹੋਇਆ ਉਸ ਨੂੰ ਉਥੇ ਹੀ ਜੜ ਦਿੱਤਾ। ਇਹੀ ਕਾਰਨ ਹੈ ਕਿ ਕਈ ਵਾਰ ਪਾਠ ਕਰਦਿਆਂ ਹੈਰਾਨ ਹੋਈ ਦਾ ਹੈ ਕਿ ਸਲੋਕ ਵਿਚ ਜਿਹੜੀ ਗੱਲ ਕਹੀ ਗਈ, ਦੂਸਰੇ ਦਾ ਉਸ ਨਾਲ ਕੋਈ ਸਬੰਧ ਨਹੀਂ।

ਹੇਠ ਦਿੱਤੇ ਵੇਰਵੇ ਤੋਂ ਪਤਾ ਲਗ ਜਾਵੇਗਾ ਕਿ ਸਾਮਵੇਦ ਵਿਚ ਮੌਲਿਕਤਾ ਕਿੰਨੀ ਘੱਟ ਹੈ। ਵੱਡਾ ਭਾਗ ਰਿਗਵੇਦ ਵਿਚੋਂ ਹੀ ਚੁਣਿਆ ਗਿਆ ਹੈ :

| | |
|---|---|
| ਰਿਗਵੇਦ ਵਿਚੋਂ ਲਈਆਂ ਗਈਆਂ ਰਿਚਾਵਾਂ ਦੀ ਗਿਣਤੀ | 1504 |
| ਰਿਗਵੇਦ ਵਿਚੋਂ ਪ੍ਰਾਪਤ ਪੁਨਰ ਉਕਤੀਆਂ | 267 |
| ਰਿਗਵੇਦ ਤੋਂ ਬਾਹਰ ਸਾਮਵੇਦ ਵਿਚ ਪ੍ਰਾਪਤ ਨਵੀਨ ਰਿਚਾਵਾਂ | 99 |
| ਪੁਨਰ ਉਕਤੀਆਂ | 5 |
| | ਕੁੱਲ1875 |

ਇਉ ਕੁਲ 1875 ਵਿਚੋਂ ਕੇਵਲ 104 ਹਿੱਸੇ ਸਾਮਵੇਦ ਦੇ ਆਪਣੇ ਮੌਲਿਕ ਹਨ, ਬਾਕੀ ਸਮੱਗਰੀ ਰਿਗਵੇਦ ਤੋਂ ਲਈ ਹੈ।

ਬ੍ਰਾਹਮਣ ਗ੍ਰੰਥਾਂ ਅਤੇ ਪੁਰਾਣਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਸਾਮਵੇਦ ਦਾ ਆਕਾਰ ਬਹੁਤ ਵੱਡਾ ਸੀ। ਸਤਪਥ ਬ੍ਰਾਹਮਣ ਅਨੁਸਾਰ ਸਾਮਵੇਦ ਦੇ ਪਦਿਆਂ ਦੀ ਗਿਣਤੀ ਇਕ ਲੱਖ ਚੁਤਾਲੀ ਹਜ਼ਾਰ ਸੀ। ਪੂਰੇ ਸਾਮ ਅੱਠ ਹਜਾਰ ਸਨ ਅਤੇ ਗਾਇਣ 14 ਹਜ਼ਾਰ ਅੱਠ ਸੌ ਵੀਹ ਦਸੇ ਹਨ। ਪ੍ਰਤੀਤ ਹੁੰਦਾ ਹੈ ਕਿ ਲਿਖਣ ਕਲਾ ਦੀ ਅਣਹੋਂਦ ਕਾਰਨ ਇਹ ਵੱਡੀ ਸਾਮਗਰੀ ਸਾਡੇ ਪਾਸੋਂ ਖੁਸ ਗਈ ਤੇ ਲਿਖਣ ਵਿਚ ਆਉਣ ਵੇਲੇ ਤਕ ਇਹ ਸਦਾ ਲਈ ਭੁੱਲ ਵਿਸਰ ਚੁੱਕੀ ਸੀ।

ਭਾਰਤੀ ਸੰਗੀਤ ਸ਼ਾਸਤਰ ਦਾ ਆਧਾਰ ਸਾਮਵੇਦ ਹੈ। ਸੰਗੀਤ ਸ਼ਾਸਤਰੀ ਜਾਣਦੇ ਹਨ ਕਿ ਸਨਾਤਨੀ ਸੰਗੀਤ ਹਜ਼ਾਰਾਂ ਸਾਲ ਪੁਰਾਣਾ ਹੈ ਤੇ ਇਸ ਦੇ ਰਾਗਾਂ ਦੇ ਭੇਦ ਉਪਭੇਦ ਬਹੁਤ ਬਰੀਕ ਬੁੱਧੀ ਨਾਲ ਕੀਤੇ ਹਨ। ਸ਼ਾਸਤਰੀ ਸੰਗੀਤ ਵਿਸ਼ਵ ਭਰ ਵਿਚ ਅਚਾਨਕ ਹੀ ਨਹੀਂ ਸਤਿਕਾਰਿਆ ਜਾਣ ਲਗ ਪਿਆ। ਇਸ ਪਿੱਛੇ ਰਿਸ਼ੀਆਂ ਦੀ ਹਜ਼ਾਰਾਂ ਸਾਲ ਦੀ ਕੀਤੀ ਗਈ ਮਿਹਨਤ ਹੈ।

### 1.1.6 ਅਥਰਵਵੇਦ

ਚਹੁੰਆਂ ਵੇਦਾਂ ਵਿਚ ਅਥਰਵਵੇਦ ਦਾ ਆਪਣਾ ਵੱਖਰਾ ਤੇ ਨਵੇਕਲਾ ਸਥਾਨ ਹੈ। ਵਿਸ਼ੇ ਤੇ ਵਸਤੂ ਪੱਖ ਤੋਂ ਇਸ ਵੇਦ ਦੀ ਵੱਡੀ ਭਿੰਨਤਾ ਇਹ ਹੈ ਕਿ ਇਸ ਵਿਚ ਲੌਕਿਕ ਜਗਤ ਨੂੰ ਸੁਖਮਈ ਬਣਾਉਣ ਦੇ ਸਾਧਨਾਂ ਦਾ ਵਰਣਨ ਹੈ। ਰਿਗਵੇਦ, ਸਾਮਵੇਦ ਤੇ ਯਜੁਰਵੇਦ ਵਿਅਕਤੀ ਨੂੰ ਅਗਲੇ ਸੰਸਾਰ ਵਿਚ ਸੁਖ ਪ੍ਰਦਾਨ ਕਰਦੇ ਹਨ। ਬੇਸ਼ਕ ਮੋਖਸ਼/ਮੋਕਸ਼ (ਮੁਕਤੀ) ਦਾ ਸਿਧਾਂਤ ਹੋਵੇ ਜਾਂ ਸਵਰਗਾਂ ਦੇ ਆਰਾਮ, ਉਹਨਾਂ ਦਾ ਵਰਤਮਾਨ ਜੀਵਨ ਨਾਲ ਵਧੇਰਾ ਸਬੰਧ ਨਹੀਂ। ਪਰਲੋਕ ਦੇ ਸੁਖਾਂ ਦੀ ਥਾਂ ਅਥਰਵਵੇਦ ਲੋਕ-ਜੀਵਨ ਨੂੰ ਸੰਵਾਰਨ ਸ਼ਿੰਗਾਰਨ ਦੀਆਂ ਹਦਾਇਤਾਂ ਦਾ ਸੰਗ੍ਰਹਿ ਹੈ।

ਅਥਰਵਵੇਦ ਬ੍ਰਹਮਾ ਦਾ ਸਾਖਸ਼ਾਤ ਦਰਸ਼ਨ ਕਰਾਉਂਦਾ ਹੈ। ਇਸ ਦਾ ਭਾਵ ਇਹ ਹੈ ਕਿ ਨਿਰਾਕਾਰ ਨਿਰਗੁਣ ਸ਼ਕਤੀਆਂ ਸਾਨੂੰ ਦਿਸਦੀਆਂ ਨਹੀਂ ਪਰ ਬ੍ਰਹਮਾ ਦਾ ਕੁਝ ਭਾਗ ਅਸੀਂ ਅੱਖਾਂ ਨਾਲ ਵੇਖਦੇ ਵੀ ਹਾਂ। ਸਾਡੇ ਚੁਫੇਰੇ ਉਸਾਰਿਆ ਜਗਤ ਹੈ ਤਾਂ ਇਕ ਹੀ ਬ੍ਰਹਮਾ ਦੁਆਰਾ ਕੀਤੀ ਉਤਪਤੀ, ਫਿਰ ਇਸ ਨੂੰ ਛੱਡ ਕੇ ਕੇਵਲ ਪਰਲੋਕ ਜਿਹੜਾ ਆਦ੍ਰਿਸ਼ਟ ਹੈ, ਵੱਲ ਕਿਉਂ ਸਾਰੀ ਸ਼ਕਤੀ ਲਾਈ ਜਾਵੇ। ਭਾਵੇਂ ਇਸ ਵਿਚ ਸੰਦੇਹ ਨਹੀਂ ਕਿ ਪਰਲੋਕ ਸੰਵਾਰਨਾ ਸਾਡਾ ਆਦਰਸ਼ ਹੈ, ਪਰੰਤੂ ਲੋਕ ਨੂੰ ਵਿਗਾੜ ਲੈਣਾ ਤੇ ਫਿਰ ਪਰਲੋਕ ਦੀ ਸੁੰਦਰ ਕਲਪਨਾ ਕਰਨਾ, ਇਕ ਅਧੂਰੀ ਆਕਾਂਖਿਆ ਹੈ। ਗੋਪਥ ਬ੍ਰਾਹਮਣ ਗ੍ਰੰਥ ਅਨਸਾਰ ਤਿੰਨ ਵੇ ਦ ਤਾਂ ਯੱਗ ਦੇ ਕੇਵਲ ਇਕ ਪੱਖ, ਪਰਲੋਕ ਦਾ ਹੀ ਸੰਸਾਰਕ ਪੇਸ਼ ਕਰਦੇ ਹਨ, ਅਥਰਵਵੇਦ ਯੱਗ ਦੇ ਦੂਜੇ ਮਹੱਤਪੂਰਣ ਪੱਖ ਦਾ ਸੰਸਕਾਰ ਸੁਝਾਉਂਦਾ ਹੈ।

ਰਾਜੇ ਮਹਾਰਾਜੇ ਧਾਰਮਿਕ ਕਾਰਜਾਂ ਲਈ ਰਾਜ ਪੁਰੋਹਿਤ ਦੀ ਅਗਵਾਈ ਪ੍ਰਾਪਤ ਕਰਿਆ ਕਰਦੇ ਸਨ। ਕਿਹਾ ਜਾਂਦਾ ਸੀ ਰਾਜ ਪੁਰੋਹਿਤ ਲਈ ਬਾਕੀ ਵੇਦਾਂ ਤੋਂ ਛੁੱਟ ਅਥਰਵਵੇਦ ਦਾ ਗਿਆਨ ਹਾਸਲ ਕਰਨਾ ਜ਼ਰੂਰੀ ਹੈ ਕਿਉਂਕਿ ਇਹ ਸ਼ੁੱਧ ਕਾਰਜ ਕਰਨ ਦੀ ਪ੍ਰੇਰਨਾ ਦਿੰਦਾ ਹੈ ਤੇ ਰਾਜ ਵਿੱਚ ਸੁਖ ਸ਼ਾਂਤੀ ਵਾਪਰਦੀ ਹੈ। ਅਥਰਵਵੇਦ ਦਾ ਹੀ ਕਥਨ ਹੈ ਕਿ ਜਿਸ ਰਾਜ ਵਿਚ ਅਥਰਵਵੇਦ ਦਾ ਗਿਆਤਾ ਪੁਰੋਹਿਤ ਵਾਸ ਕਰਦਾ ਹੋਵੇ ਉਥੇ ਅਪਰਾਧ ਹੁੰਦਾ ਹੀ ਨਹੀਂ, ਰਾਜਭਾਗ ਉਥਲ-ਪੁਥਲ ਰੌਲੇ ਰੱਪੇ ਤੋਂ ਬਚਿਆ ਰਹਿੰਦਾ ਹੈ ਤੇ ਰਾਜ ਦਾ ਵਿਸਥਾਰ ਹੋ ਜਾਂਦਾ ਹੈ।

ਆਓ ਸਭ ਤੋਂ ਪਹਿਲਾਂ ਦੇਖੀਏ ਕਿ 'ਅਥਰਵ' ਸ਼ਬਦ ਦਾ ਕੀ ਅਰਥ ਹੈ। ਇਸ ਸ਼ਬਦ ਦੇ ਅਰਥ ਨਿਰੁਕਤ ਗੋਪਥ ਬ੍ਰਾਹਮਣ ਗ੍ਰੰਥ ਵਿਚ ਕੀਤੇ ਗਏ ਹਨ। ਸ਼ਬਦ ਦੀ ਧਾਤੂ 'ਥਰਵ' ਹੈ ਤੇ ਥਰਵ ਹਿੰਸਾ ਦਾ ਵਾਚਕ ਸ਼ਬਦ ਹੈ। 'ਥਰਵ' ਸ਼ਬਦ ਪਾਪ, ਸਾਜ਼ਸ਼ ਅਤੇ ਅਤਿਆਚਾਰ ਆਦਿ ਅਰਥਾਂ ਦਾ ਲਖਾਇਕ ਹੈ। ਇਸ ਤੋਂ ਪਹਿਲਾਂ 'ਅ' ਅੱਖਰ ਲਾ ਕੇ ਅਸੀਂ ਇਸ ਦਾ ਵਿਪਰੀਤਾਰਥਕ (ਵਿਰੋਧੀ) ਸ਼ਬਦ ਅਥਰਵ ਬਣਾ ਲਿਆ। ਇਸ ਦਾ ਭਾਵ ਹੈ ਅਹਿੰਸਾ, ਪਾਪ ਦਾ ਵਿਨਾਸ਼, ਕੁਟਿਲਤਾ ਦਾ ਖਾਤਮਾ ਆਦਿਕ।

ਅਥਰਵ ਨਾਂ ਦਾ ਇਕ ਰਿਸ਼ੀ ਵੀ ਹੋਇਆ ਹੈ, ਜਿਸ ਨੇ ਇਸ ਵੇਦ ਦੇ ਬਹੁਤ ਸਾਰੇ ਮੰਤਰ ਰਚੇ (ਜਾਂ ਵੇਖੇ) ਤੇ ਦੂਜਾ ਇਸ ਵੇਦ ਦੇ ਵੱਡੇ ਭਾਗ ਦਾ ਰਚੈਤਾ ਆਂਗਿਰਸ ਰਿਸ਼ੀ ਹੈ। ਇਹੀ ਕਾਰਨ ਹੈ ਕਿ ਅਥਰਵਵੇਦ ਦਾ ਨਾਮ ਬਹੁਤ ਥਾਵਾਂ ਤੇ ਅਥਰਵਾਂਗੀਰਸ ਲਿਖਿਆ ਪ੍ਰਾਪਤ ਹੋਇਆ ਹੈ। ਪਾਰਸੀਆਂ ਦੀ ਧਰਮ ਪੁਸਤਕ ਅਵੇਸਤਾ ਵਿਚ ਅਥਰਵ ਸ਼ਬਦ ਅਗਨੀ ਪੂਜਾ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ।

ਪੱਛਮੀ ਵਿਦਵਾਨਾਂ ਨੇ ਅਥਰਵਵੇਦ ਦੇ ਮੰਤਰਾਂ ਦਾ ਆਦਰਸ਼ ਜਾਦੂ ਟੂਣੇ ਮੰਨੇ ਹਨ। ਜਾਦੂ ਟੂਣੇ ਰਾਹੀਂ ਸੰਸਾਰਕ ਸੁਖ ਪ੍ਰਾਪਤ ਕਰਨ ਦੀਆਂ ਵਿਧੀਆਂ ਇਸ ਵੇਦ ਵਿਚ ਪ੍ਰਾਪਤ ਹਨ। ਬਹੁਤ ਸਾਰੇ ਮੰਤਰ ਅਜਿਹੇ ਹਨ ਜਿਹੜੇ ਬਿਮਾਰੀਆਂ ਦੂਰ ਕਰਦੇ ਹਨ ਤੇ ਵੈਰੀਆਂ ਦਾ ਨਾਸ਼ ਕਰਨ ਵਾਲੇ ਸਰਾਪ ਵੀ ਵਿਚ ਦਿੱਤੇ ਹੋਏ ਹਨ। ਇਸ ਵੇਦ ਦੀ ਮਹੱਤਵਪੂਰਣ ਦੇਣ ਆਯੁਰਵੈਦਿਕ ਵਿਦਿਆ ਹੈ। ਅਰੋਗ ਰਹਿਣ ਲਈ

ਕੀ ਉਪਾਅ ਕੀਤੇ ਜਾਣ, ਬਿਮਾਰੀਆਂ ਦਾ ਟਾਕਰਾ ਕਿਵੇਂ ਕਰੀਏ, ਆਦਿਕ ਸਬੰਧੀ ਮੰਤਰ ਹਨ। ਖੰਘ ਆਦਿ ਬਿਮਾਰੀ ਨਾਲ ਗ੍ਰਸਤ ਲੋਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਖੁਲ੍ਹੀਆਂ ਜੰਗਲ ਦੀਆਂ ਹਵਾਵਾਂ ਵਿਚ ਰਹਿਣ ਲਗ ਜਾਣ। ਰੋਗ ਦੇ ਸ਼ੁਰੂ ਹੁੰਦਿਆਂ ਹੀ ਇਸ ਨੂੰ ਖਤਮ ਕਰਕੇ ਚੈਨ ਲੈਣਾ ਚਾਹੀਦਾ ਹੈ ਕਿਉਂਕਿ ਬਿਮਾਰੀ ਜਿੰਨੀ ਲੰਬੀ ਹੋਵੇਗੀ ਉਸ ਦਾ ਇਲਾਜ ਉਨਾ ਹੀ ਲੰਮਾ ਅਤੇ ਮੁਸ਼ਕਲ ਹੋ ਜਾਵੇਗਾ।

ਅਥਰਵਵੇਦ ਦੇ ਕਰਤਾ ਰਿਸ਼ੀਆਂ ਨੂੰ ਹਜ਼ਾਰਾਂ ਸਾਲ ਪਹਿਲਾਂ ਪਤਾ ਸੀ ਕਿ ਬਿਮਾਰੀ ਨਿੱਕੇ ਨਿੱਕੇ ਜੀਵਾਂ, ਕੀਟਾਣੂਆਂ ਦੁਆਰਾ ਫੈਲਦੀ ਹੈ। ਰੋਗੀ ਕੀਟਾਣੂਆਂ ਦਾ ਨਾਸ਼ ਕਰਨ ਵਾਸਤੇ ਉਪਾਅ ਦੱਸੇ ਹਨ। ਲਿਖਿਆ ਹੈ ਕਿ ਰੋਗ ਫੈਲਾਉਣ ਵਾਲੇ ਕੀਟਾਣੂ ਪਾਣੀ ਅਤੇ ਭੋਜਨ ਆਦਿਕ ਵਿਚ ਪੈਦਾ ਹੋ ਕੇ ਖਾਣ ਵਕਤ ਸਾਡੇ ਸਰੀਰ ਦੇ ਅੰਦਰ ਚਲੇ ਜਾਂਦੇ ਹਨ। ਕਈ ਭਿਆਨਕ ਰੋਗਾਂ ਦੇ ਇਲਾਜ ਤਾਂ ਬਹੁਤ ਵੇਰਵੇ ਨਾਲ ਲਿਖੇ ਮਿਲਦੇ ਹਨ। ਕੱਟੇ ਗਏ ਅੰਗਾਂ ਦਾ ਇਲਾਜ ਕਿਵੇਂ ਕਰੀਏ, ਗਰਭਵਤੀ ਇਸਤਰੀ ਨੂੰ ਕਿਹੋ ਜਿਹੀ ਖੁਰਾਕ ਦੇਈਏ ਤਾਂ ਕਿ ਤੰਦਰੁਸਤ ਬਲਵਾਨ ਸੰਤਾਨ ਪੈਦਾ ਹੋਵੇ, 'ਸੱਪ ਦਾ ਜ਼ਹਿਰ' ਤੋਂ ਕਿਵੇਂ ਬਚਿਆ ਜਾਵੇ ਤੇ ਦੰਦਾਂ ਦੀ ਰਾਖੀ ਕਿਵੇਂ ਕੀਤੀ ਜਾਵੇ, ਇਸ ਦਾ ਪੂਰਾ ਚਰਚਾ ਲਿਖਿਆ ਮਿਲਦਾ ਹੈ। ਜੇ ਕਿਹਾ ਜਾਵੇ ਕਿ ਅਥਰਵਵੇਦ ਦੀ ਬਹੁਤੀ ਮਹਾਨਤਾ ਇਸ ਦੇ ਉਪਵੇਦ ਆਯੁਰਵੈਦਿਕ ਸਿਖਿਆ ਕਾਰਨ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੈ।

ਅਥਰਵਵੇਦ ਦੇ ਵੀਹ ਅਧਿਆਇ, 731 ਸੂਕਤ ਅਤੇ ਪੰਜ ਹਜਾਰ ਨੌ ਸੌ ਸਤਾਈ ਮੰਤਰ ਹਨ। ਮੰਤਰਾਂ ਦੀ ਤਰਤੀਬ ਖਾਸ ਵਿਉਂਤ ਨੂੰ ਸਾਹਮਣੇ ਰਖ ਕੇ ਕੀਤੀ ਗਈ ਹੈ। ਆਰੰਭਕ ਸੱਤ ਕਾਂਡਾਂ ਵਿਚ ਛੋਟੇ ਛੋਟੇ ਸੂਕਤ ਸ਼ਾਮਲ ਹਨ। ਪਹਿਲੇ ਅਧਿਆਇ ਦੇ ਹਰੇਕ ਸੂਕਤ ਵਿਚ ਚਾਰ ਮੰਤਰ, ਦੂਜੇ ਅਧਿਆਇ ਦੇ ਪੰਜ ਮੰਤਰ, ਤੀਜੇ ਦੇ ਛੇ, ਚੌਥੇ ਦੇ ਸੱਤ ਅਤੇ ਪੰਜਵੇਂ ਦੇ ਅੱਠ ਮੰਤਰ ਹਨ। ਛੇਵੇਂ ਅਧਿਆਇ ਵਿਚ ਅੱਠ ਸੂਕਤ ਤੇ ਹਰੇਕ ਸੂਕਤ ਵਿਚ ਘੱਟੋ ਘੱਟ ਤਿੰਨ ਮੰਤਰ ਜ਼ਰੂਰ ਹਨ। ਸਤਵੇਂ ਕਾਂਡ ਵਿਚ 118 ਸੂਕਤ ਹਨ। ਅੱਠਵੇਂ ਕਾਂਡ ਤਕ ਵੱਡੇ ਵੱਡੇ ਸੂਕਤ ਹਨ ਅਤੇ ਅਨੇਕ ਵਿਸ਼ਿਆਂ ਤੇ ਵਿਚਾਰ ਹੋਈ ਹੈ। ਤੇਰ੍ਹਵੇਂ ਤੋਂ 18ਵੇਂ ਕਾਂਡ ਤਕ ਵਿਸ਼ੇ ਦੀ ਏਕਤਾ ਹੈ। ਇਹਨਾਂ ਕਾਂਡਾਂ ਵਿਚ ਰਾਜਨੀਤਿਕ, ਭੂਗੋਲਿਕ ਅਤੇ ਅਧਿਆਤਮਕ ਸਿਖਿਆ ਦਿੱਤੀ ਗਈ ਹੈ। ਵਿਆਹ, ਵਰਤ, ਯੱਗ, ਸਰਾਧ ਅਤੇ ਮਾੜੇ ਸੁਫਨਿਆਂ ਤੋਂ ਖਹਿੜਾ ਛੁਡਾਉਨ ਲਈ ਮੰਤਰ ਹਨ। ਅਖੀਰਲੇ ਦੋਵੇਂ ਅਧਿਆਇ ਉਨ੍ਹੀਵਾਂ ਅਤੇ ਵੀਹਵਾਂ ਖਿਲ ਕਾਂਡ ਹਨ ਭਾਵ ਪਿਛੋਂ ਜੋੜੇ ਗਏ ਹਨ। ਕਈ ਵਿਦਵਾਨ 19-20ਵੇਂ ਅਧਿਆਇ ਨੂੰ ਅਥਰਵਵੇਦ ਦਾ ਭਾਗ ਨਹੀਂ ਮੰਨਦੇ ਤੇ ਆਖਦੇ ਹਨ ਕਿ ਇਹ ਬਹੁਤ ਪਿੱਛੋਂ ਦੀ ਰਚਨਾ ਹੈ। ਪਰ ਇਹ ਗੱਲ ਠੀਕ ਨਹੀਂ ਲਗਦੀ। ਇਕ ਤਾਂ ਪੁਰਾਣੇ ਗ੍ਰੰਥਾਂ ਵਿਚ ਇਹਨਾਂ ਦਾ ਕੁਝ ਥਾਵਾਂ ਤੇ ਜ਼ਿਕਰ ਆਉਂਦਾ ਹੈ ਤੇ ਜਿਹੜੇ ਰਿਸ਼ੀਆਂ ਦੇ ਉਚਾਰਨ ਕੀਤੇ ਹੋਏ ਇਹਨਾਂ ਅਧਿਆਵਾਂ ਵਿਚ ਮੰਤਰ ਹਨ, ਇਹਨਾਂ ਵਿਚੋਂ ਬਹੁਤੇ ਉਹੀ ਹਨ ਜਿਹਨਾਂ ਨੇ ਰਿਗਵੇਦ ਦੇ ਮੰਤਰ ਰਚੇ। ਸੋ ਇਹਨਾਂ ਕਾਂਡਾਂ ਦੀ ਪ੍ਰਮਾਣਿਕਤਾ ਉਤੇ ਸ਼ੱਕ ਕਰਨ ਦੀ ਵਧੇਰੇ ਗੁੰਜਾਇਸ਼ ਨਹੀਂ ਰਹਿੰਦੀ।

ਅਥਰਵਵੇਦ ਦਾ ਲਗਭਗ ਪੰਜਵਾਂ ਹਿੱਸਾ ਰਿਗਵੇਦ ਵਿਚੋਂ ਲਿਆ ਗਿਆ ਹੈ ਕਿਉਂਕਿ 1200 ਮੰਤਰ ਅਜਿਹੇ ਹਨ ਜਿਹੜੇ ਰਿਗਵੇਦ ਵਿਚੋਂ ਲਏ ਗਏ ਹਨ। ਇਸ ਵੇਦ ਵਿਚ ਰਿਗਵੇਦ ਵਰਗੀ ਹੀ ਪੁਰਾਣੀ ਭਾਰਤੀ ਸੰਸਕ੍ਰਿਤੀ ਦਾ ਪੂਰਾ ਵਰਣਨ ਹੈ। ਲੋਕਾਂ ਦੇ ਵਿਸ਼ਵਾਸ਼, ਵਹਿਮ ਭਰਮ ਆਦਿਕ ਵਿਸ਼ੇ ਚਰਚਿਤ ਕੀਤੇ ਹਨ। ਵੈਰੀਆਂ ਨੂੰ ਕਿਵੇਂ ਹਰਾਈਏ, ਦੁਸ਼ਟਾਂ ਦਾ ਕਿਵੇਂ ਖਾਤਮਾ ਕਰੀਏ, ਗਰਭਵਤੀਆਂ ਤੇ ਪ੍ਰਸੂਤਾ ਔਰਤਾਂ ਦੀ ਭੂਤਾਂ ਪ੍ਰੇਤਾਂ ਅਤੇ ਚੰਡਾਲ ਰੂਹਾਂ ਤੋਂ ਕਿਵੇਂ ਰਾਖੀ ਕਰੀਏ, ਆਦਿਕ ਵੇਰਵੇ ਸਮਝਾਏ ਗਏ ਹਨ। ਜਾਦੂ ਦੋ ਪ੍ਰਕਾਰ ਦਾ ਲਿਖਿਆ ਹੋਇਆ ਹੈ :

1. ਸ਼ੋਭਣ ਜਾਦੂ

2. ਅਸ਼ੋਭਣ ਜਾਦੂ

ਸ਼ੋਭਣ ਜਾਦੂ ਆਪਣੀ ਰੱਖਿਆ ਕਰਨ ਵਾਸਤੇ ਸਹਾਈ ਹੁੰਦਾ ਹੈ। ਹੋ ਸਕਦਾ ਹੈ ਦੁਸ਼ਟ ਆਤਮਾ ਵਿਅਕਤੀ ਉਤੇ ਹਮਲਾ ਕਰ ਦੇਵੇ ਜਾਂ ਇਹ ਵੀ ਸੰਭਵ ਹੈ ਕਿ ਵੈਰੀ ਕਿਸੇ ਮੰਤਰ ਰਾਹੀਂ ਵਿਨਾਸ਼ਕਾਰੀ ਰੂਹ ਨੂੰ ਤੁਹਾਡੇ ਸਿਰ ਉਪਰ ਤੈਨਾਤ ਕਰ ਦੇਵੇ। ਇਸ ਤੋਂ ਬਚਾਅ ਦੇ ਉਪਾਅ ਮੰਤਰਾਂ ਦੇ ਉਚਾਰਣ ਰਾਹੀਂ ਅਤੇ ਕੁਝ ਰੀਤੀਆਂ ਰਸਮਾਂ ਰਾਹੀਂ ਹੁੰਦੇ ਹਨ। ਅਸ਼ੋਭਣ ਜਾਦੂ ਨੂੰ ਕਾਲਾ ਜਾਦੂ ਵੀ ਕਿਹਾ ਜਾਂਦਾ ਹੈ। ਇਸ ਦਾ ਉਦੇਸ਼ ਕਿਸੇ ਦਾ ਨੁਕਸਾਨ ਕਰਨਾ ਹੁੰਦਾ ਹੈ। ਵੈਰੀਆਂ ਦਾ ਖਾਤਮਾ ਕਰਨਾ, ਔਰਤ ਨੂੰ ਵਸ ਵਿਚ ਕਰ ਲੈਣਾ, ਬਿਗਾਨੀ ਧੰਨ ਸੰਪਤੀ ਆਪਣੇ ਪਾਸ ਮੰਗਵਾ ਲੈਣੀ ਅਤੇ ਸ਼ਮਸ਼ਾਨ ਘਾਟ ਵਿਚ ਜਾ ਕੇ ਮੁਰਦੇ ਨੂੰ ਉਠਾ ਲੈਣਾ ਆਦਿਕ ਸਾਰੇ ਕਰਮ ਅਸ਼ੋਭਣ ਜਾਦੂ ਦੇ ਖੇਤਰ ਵਿਚ ਆਉਂਦੇ ਹਨ।

ਕਈ ਦਵਾਈਆਂ ਦਾ ਵਰਣਨ ਹੈ। ਬੁਖਾਰ ਕਿਵੇਂ ਹੋ ਜਾਂਦਾ ਹੈ ਤੇ ਬੁਖਾਰ ਕਿੰਨੀਆਂ ਕਿਸਮਾਂ ਦੇ ਹੁੰਦੇ ਹਨ, ਇਸ ਦਾ ਵਰਣਨ ਹੈ। ਨੱਕ, ਅੱਖਾਂ, ਦੰਦਾਂ ਵਿਚ ਵੜ ਗਏ ਕੀਟਾਣੂਆਂ ਤੋਂ ਉਪਾਅ ਦੀਆਂ ਵਿਧੀਆਂ ਵੱਖ ਵੱਖ ਦੱਸੀਆਂ ਹਨ। ਸੂਰਜ ਦੀਆਂ ਕਿਰਨਾਂ ਨਾਲ ਕਿਵੇਂ ਕੀਟਾਣੂ ਨਾਸ ਹੋ ਜਾਂਦੇ ਹਨ, ਵਿਧੀ ਦੱਸੀ ਹੈ।

ਵੇਦ ਦੀਆਂ ਕੁੱਝ ਇਕ ਲੱਭਤਾਂ ਉਤੇ ਤਾਂ ਅੱਜ ਸਾਨੂੰ ਹੈਰਾਨੀ ਹੁੰਦੀ ਹੈ। ਲਾਖ ਬਹੁਤ ਸਾਰੇ ਕੰਮਾਂ ਵਾਸਤੇ ਪੁਰਾਣੇ ਸਮੇਂ ਵਿਚ ਵੀ ਵਰਤੀ ਜਾਂਦੀ ਸੀ। ਲਾਖ ਦੀ ਪ੍ਰਕ੍ਰਿਤੀ, ਉਸ ਦੀ ਪ੍ਰਾਪਤੀ ਦੇ ਢੰਗ ਅਤੇ ਫਿਰ ਉਸ ਦੀ ਵਰਤੋਂ ਬਾਰੇ ਜਦੋਂ ਅਸੀਂ ਅਥਰਵਵੇਦ ਵਿਚ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਦੇ ਰਿਸ਼ੀ ਕਿੰਨੀ ਸੂਝ ਬੂਝ ਰਖਦੇ ਸਨ। ਵਿਦਿਆਰਥੀਆਂ ਦੀ ਦਿਲਚਸਪੀ ਲਈ ਅਸੀਂ ਰਿਸ਼ੀਆਂ ਦੀਆਂ ਕੁੱਝ ਲੱਭਤਾਂ ਦੇ ਰਹੇ ਹਾਂ ਜਿਹੜੀਆਂ ਅੱਜ ਦੀ ਵਿਗਿਆਨ ਸਵੀਕਾਰ ਕਰ ਚੁੱਕੀ ਹੈ। ਵੇਦ ਵਿਚ ਲਿਖਿਆ ਹੈ :-

1. ਲਾਖ ਕਿਸੇ ਰੁੱਖ ਦਾ ਰਸ ਨਹੀਂ ਹੁੰਦਾ। ਇਸ ਨੂੰ ਖਾਸ ਪ੍ਰਕਾਰ ਦੇ ਕੀੜੇ ਪੈਦਾ ਕਰਦੇ ਹਨ। ਇਹਨਾਂ ਕੀੜਿਆਂ ਵਿਚੋਂ ਵੀ ਕੇਵਲ ਮਾਦਾ ਕੀੜਾ ਲਾਖ ਉਪਜਾਉਂਦਾ ਹੈ। ਲਾਲ ਢਿੱਡ ਵਾਲੇ ਇਸ ਕੀੜੇ ਦਾ ਨਾਮ ਸ਼ਿਲਾਦੀ ਹੈ। ਇਹ ਕੀੜਾ ਧਵ, ਖਦਿਰ ਅਤੇ ਅਕਸਰ ਨਾਂ ਦੇ ਰੁੱਖਾਂ ਉਤੇ ਲਾਖ ਪੈਦਾ ਕਰਦਾ ਹੈ।

2. ਮਾਦਾ ਕੀੜੇ ਵੱਡੇ ਹੋ ਕੇ ਅੰਡੇ ਦਿੰਦੇ ਹਨ ਪਰ ਅੰਡਾ ਦੇਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ ਅਤੇ ਰੰਗ ਪੀਲਾ ਪੈ ਜਾਂਦਾ ਹੈ। ਕੀੜੇ ਦੇ ਇਸ ਰੂਪ ਨੂੰ 'ਸੂਰਜ-ਵਰਣ' ਕਿਹਾ ਜਾਂਦਾ ਹੈ। ਇਸ ਦੇ ਸਰੀਰ ਉਤੇ ਲੂੰਈ ਹੁੰਦੀ ਹੈ।

3. ਲਾਖ ਦੀ ਉਤਪਤੀ ਬਰਸਾਤ ਰੁੱਤ ਦੀਆਂ ਹਨੇਰੀਆਂ ਰਾਤਾਂ ਵਿਚ ਵਧੇਰੇ ਹੁੰਦੀ ਹੈ, ਇਸ ਕਰਕੇ ਇਕ ਸੂਕਤ ਵਿਚ ਅਸਮਾਨ ਨੂੰ ਪਿਤਾ ਅਤੇ ਰਾਤ ਨੂੰ ਮਾਤਾ ਕਿਹਾ ਗਿਆ ਹੈ।

4. ਲਾਖ ਦੇ ਕੀੜੇ ਦੋ ਪ੍ਰਕਾਰ ਦੇ ਹੁੰਦੇ ਹਨ :

(ੳ) ਰੀਂਗਣ ਵਾਲੇ

(ਅ) ਉਡਣ ਵਾਲੇ।

ਉਡਣ ਵਾਲੇ ਕੀੜੇ ਨਰ ਹੁੰਦੇ ਹਨ ਤੇ ਮਾਦਾ ਕੀੜਾ ਕੇਵਲ ਰੀਂਗਦਾ ਹੈ ਕਿਉਂਕਿ ਇਸ ਦੇ ਨਰ ਵਾਂਗ ਖੰਭ ਨਹੀਂ ਹੁੰਦੇ। ਮਾਦਾ ਕੀੜੇ ਟਹਿਣੀਆਂ ਉਤੇ ਘਸਰਦੇ ਹੋਏ ਲਾਖ ਉਪਜਾਉਂਦੇ ਰਹਿੰਦੇ ਹਨ।

ਵਿਆਹੁਤਾ ਜੀਵਨ ਸੁਖੀ ਬਤੀਤ ਹੋਵੇ ਇਸ ਸੰਬੰਧੀ ਪ੍ਰਾਰਥਨਾ ਦੇ ਮੰਤਰ ਹਨ। ਤੰਦਰੁਸਤ ਔਲਾਦ ਅਤੇ ਪੁੱਤਰ ਵਰਦਾਨ ਦੀ ਅਭਿਲਾਖਾ ਕੀਤੀ ਗਈ ਹੈ। ਪਤੀ ਵਾਸਤੇ ਪਤਨੀ ਨੂੰ ਵਸ ਕਰਨ ਦੇ ਅਤੇ

ਪਤਨੀ ਲਈ ਪਤੀ ਨੂੰ ਕਾਬੂ ਕਰਨ ਦੇ ਮੰਤਰ ਹਨ। ਪਤੀ ਪਤਨੀ ਵਿਚ ਪਰੇਮ ਹਮੇਸ਼ਾ ਵਧਦਾ ਰਹੇ ਇਸ ਬਾਰੇ ਟੂਕਾਂ ਹਨ। ਕੁਝ ਕੁ ਦਿਲਚਸਪ ਜਾਦੂ ਟੂਣੇ ਹਨ। ਜਿਸ ਆਦਮੀ ਨੇ ਕਿਸੇ ਔਰਤ ਨੂੰ ਵਸ ਵਿਚ ਕਰਨਾ ਹੋਵੇ ਉਹ ਮਿੱਟੀ ਦੀ ਉਸ ਦੀ ਮੂਰਤ ਬਣਾਵੇ ਤੇ ਫਿਰ ਅਥਰਵਵੇਦ ਦੇ ਖਾਸ ਮੰਤਰਾਂ ਦਾ ਉਚਾਰਨ ਕਰਦਾ ਹੋਇਆ ਉਸ ਮੂਰਤ ਦੇ ਦਿਲ ਵਿਚ ਤੀਰ ਦਾ ਵਾਰ ਕਰੇ। ਇਵੇਂ ਹੀ ਇਸਤਰੀ, ਮਰਦ ਦਾ ਮਿੱਟੀ ਦਾ ਬੁਤ ਬਣਾ ਕੇ ਗਰਮ ਤੀਰ ਨਾਲ ਉਸ ਦਾ ਮੱਥਾ ਵਿੰਨ੍ਹ ਦਏ ਤਾਂ ਉਹ ਮਿਲਾਪ ਲਈ ਪਾਗਲ ਹੋ ਜਾਵੇਗਾ। ਇਸ ਵੇਲੇ ਉਚਾਰਣ ਕੀਤਾ ਜਾਣ ਵਾਲਾ ਮੰਤਰ ਇਹ ਹੈ :

ਹੇ ਮਾਰੂਤ
ਮੇਰੇ ਪਤੀ ਦੇ ਹੋਸ਼ ਉਡਾ ਦਿਉ।
ਹੇ ਅੰਤਰਿਕਸ਼, ਹੇ ਅਗਨੀ
ਉਸ ਨੂੰ ਪਾਗਲ ਕਰ ਦਿਉ ਤਾਂ ਕਿ ਉਹ ਕੇਵਲ ਮੇਰਾ ਹੀ ਚਿੰਤਨ ਕਰਦਾ ਰਹੇ।

(ਅਥਰਵ (1.130.4)

ਲਿਖਿਆ ਹੈ ਕਿ ਇਸ ਮੰਤਰ ਦੇ ਅਸਰ ਸਦਕਾ ਪਤੀ ਦੌੜਦਾ ਹੋਇਆ ਆਵੇਗਾ ਭਾਵੇਂ ਉਹ ਤਿੰਨ ਜਾਂ ਪੰਜ ਯੋਜਨ ਵੀ ਦੂਰ ਕਿਉਂ ਨਾ ਗਿਆ ਹੋਵੇ।

ਅਥਰਵਵੇਦ ਨੂੰ ਰਿਗਵੇਦ ਦਾ ਪੂਰਕ ਮੰਨਿਆ ਗਿਆ ਹੈ ਕਿਉਂਕਿ ਦੋਹਾਂ ਵਿਚ ਵਿਸ਼ਾ ਵੱਖ ਵੱਖ ਹੁੰਦਾ ਹੋਇਆ ਵੀ ਸਮਾਜ ਲਈ ਕਲਿਆਣਕਾਰੀ ਹੈ। ਸੰਸਾਰ ਵਿਚ ਦੋ ਤਰ੍ਹਾਂ ਦੇ ਮਨੁੱਖ ਵਸਦੇ ਹਨ- ਇਕ ਉਹ ਜਿਨ੍ਹਾਂ ਦੀ ਬੁੱਧੀ ਨਿਰਮਲ ਤੇ ਚਿੰਤਨ ਗੰਭੀਰ ਹੁੰਦਾ ਹੈ। ਉਹ ਉਚ ਪੱਧਰ ਦੇ ਕਾਵਿ ਦੇ ਰਸੀਏ ਹੁੰਦੇ ਹਨ। ਰਿਗਵੇਦ ਉੱਦਾਤ, ਉੱਚੀਆਂ ਰੁਚੀਆਂ ਦੀ ਪੂਰਤੀ ਕਰਦਾ ਹੈ। 'ਪਰ ਦੂਜੀ ਪਰਕਾਰ ਦੇ ਲੋਕਾਂ ਦਾ ਸੁਹਜ ਸੁਆਦ ਉਨੀ ਉੱਚ ਪੱਧਰ ਦਾ ਨਹੀਂ ਹੁੰਦਾ। ਉਹਨਾਂ ਵਾਸਤੇ ਭੂਤ, ਪ੍ਰੇਮ, ਜਿੰਨ, ਪੈਸ਼ਾਚ, ਸਾਕਣੀਆਂ ਅਤੇ ਕਲਜੋਗਨਾ ਆਦਿ ਸ਼ਕਤੀਆਂ ਦੀ ਵੀ ਹੋਂਦ ਮਹੱਤਵਪੂਰਨ ਹੁੰਦੀ ਹੈ। ਇਥੋਂ ਤਕ ਕਿ ਬਿਮਾਰੀਆਂ ਦੇ ਇਲਾਜ ਲਈ ਦਵਾ ਦਾਰੂ ਦੀ ਥਾਂ ਉਹ ਮੰਤਰ ਟੂਣੇ ਵਿਚ ਵਧੇਰੇ ਵਿਸ਼ਵਾਸ ਰਖਦੇ ਹਨ। ਅਜਿਹੇ ਵਿਅਕਤੀਆਂ ਲਈ ਅਥਰਵਵੇਦ ਹੈ। ਰਿਗਵੇਦ ਵਿਚ ਜਨ-ਕਲਿਆਣ ਲਈ ਪ੍ਰਾਰਥਨਾਵਾਂ ਹਨ। ਪਰ ਅਥਰਵਵੇਦ ਵਿੱਚ ਦੁਸ਼ਮਣਾਂ ਦਾ ਵਿਨਾਸ਼ ਕਰਨ ਵਾਲੇ ਸਰਾਪ ਵੀ ਹਨ ਜਿਹਨਾਂ ਨਾਲ ਮੌਤਾਂ ਹੁੰਦੀਆਂ ਹਨ, ਬਿਮਾਰੀ ਫੈਲਦੀ ਹੈ ਵੈਰੀ ਦਾ ਖਾਨਦਾਨ ਤਬਾਹ ਹੋ ਜਾਂਦਾ ਹੈ ਤੇ ਉਸਦੀ ਸੰਪਤੀ ਆਦਿ ਖਤਮ ਹੋ ਜਾਂਦੀ ਹੈ। ਅਥਰਵਵੇਦ ਸਾਨੂੰ ਪੁਰਾਣੇ ਮਨੁੱਖੀ ਧਰਮ ਅਤੇ ਵਹਿਮ ਭਰਮਾਂ ਦੀ ਵਿਚਿਤਰ ਝਾਕੀ ਦਿਖਾਉਂਦਾ ਹੈ।

### 1.1.7 ਸਿੱਟਾ

ਪੁਰਾਤਨ ਵਿਦਵਾਨਾਂ ਦੀ ਪਰੰਪਰਾ ਅਨੁਸਾਰ ਚਾਰੇ ਵੇਦ ਜੀਵਨ ਦੇ ਮਹੱਤਵਪੂਰਣ ਪੱਖ ਦੀ ਪ੍ਰਤੀਨਿਧਤਾ ਕਰਦੇ ਹਨ। ਰਿਗਵੇਦ ਰੂਹਾਨੀ ਗਿਆਨ ਦਾ ਭੰਡਾਰ ਹੈ, ਯਜੁਰਵੇਦ ਕਰਮ ਸ਼ਾਸਤਰ ਦਾ ਪ੍ਰਤੀਨਿਧ ਹੈ, ਸਾਮਵੇਦ ਉਪਾਸਨਾ ਕਰਨ ਦੀ ਅਗਵਾਈ ਕਰਦਾ ਹੈ ਅਤੇ ਅਥਰਵਵੇਦ ਵਿਗਿਆਨ ਦੇ ਭੇਦ ਪ੍ਰਗਟ ਕਰਦਾ ਹੈ। ਇਹਨਾਂ ਚਾਰੇ ਵੇਦਾਂ ਵਿਚੋਂ ਪ੍ਰਾਪਤ ਹੋਈ ਵਿਦਿਆ ਮਨੁੱਖ ਦੀ ਸ਼ਖਸ਼ੀਅਤ ਨੂੰ ਸੰਪੂਰਣ ਬਣਾਉਂਦੀ ਹੈ।

### 1.1.8 ਅਭਿਆਸ ਲਈ ਪ੍ਰਸ਼ਨ

#### ਵੱਡੇ ਪ੍ਰਸ਼ਨ

1) ਵੇਦ ਤੋਂ ਕੀ ਭਾਵ ਹੈ? ਚਾਰੇ ਵੇਦਾਂ ਨਾਲ ਜਾਣ-ਪਛਾਣ ਕਰਾਓ।

2) ਵੇਦ ਸਾਹਿਤ ਬਾਰੇ ਦਸਦੇ ਹੋਏ ਰਿਗਵੇਦ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿਓ।

**ਛੋਟੇ ਪ੍ਰਸ਼ਨ**

1) ਰਿਗਵੇਦ 2) ਸਾਮਵੇਦ 3) ਯਜੁਰਵੇਦ 4) ਅਥਰਵੇਦ

5) ਸੋਮ 6) ਅਸ਼ਵਮੇਧ 7) ਸੋਮਯੱਗ 8) ਵੇਦੀ

9) ਆਦਿਤੀ ਸੰਪਰਦਾਇ/ਸੁਕਲ ਯਜੁਰਵੇਦ

10) ਬ੍ਰਹਮ ਸੰਪਰਦਾਇ/ਕ੍ਰਿਸ਼ਨ ਯਜੁਰਵੇਦ

11) ਆਰਣਯਕ ਗ੍ਰੰਥ

## 1.1.9 ਸਹਾਇਕ ਪੁਸਤਕਾਂ

1) ਭਾਰਤੀ ਦਰਸ਼ਨ, ਇਕਬਾਲ ਨਰਾਇਣ ਚੋਪੜਾ

2) ਭਾਰਤੀ ਦਰਸ਼ਨ, ਆਰ. ਡੀ. ਨਿਰਾਕਾਰੀ

3) ਭਾਰਤੀ ਦਰਸ਼ਨ ਸ਼ਾਤੀ ਨਾਥ ਗੁਪਤਾ

ਪਾਠ ਨੰ. : **1.2 (A)**

## ਵੈਦਿਕ ਦੇਵਤੇ (ਵਰੁਣ,ਅਗਨੀ,ਇੰਦਰ)

ਰੂਪ–ਰੇਖਾ:


1.2.1 **ਉਦੇਸ਼**

1.2.2 **ਭੂਮਿਕਾ**

1.2.3 **ਵੈਦਿਕ ਦੇਵਤੇ**

1.2.4 **ਸਿੱਟਾ**

1.2.5 **ਅਭਿਆਸ ਲਈ ਪ੍ਰਸ਼ਨ**

1.2.6 **ਸਹਾਇਕ ਪੁਸਤਕਾਂ**


### 1.2.1 ਉਦੇਸ਼:

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਵੈਦਿਕ ਦੇਵਤਿਆਂ ਨਾਲ ਜਾਣ-ਪਛਾਣ ਕਰਵਾਉਣਾ ਹੈ। ਵੈਦਿਕ ਦੇਵਤੇ ਅਗਨੀ, ਇੰਦਰ ਅਤੇ ਵਰੁਣ ਤੋਂ ਇਲਾਵਾ ਦੂਜੇ ਦੇਵਤਿਆਂ ਸੰਬੰਧੀ ਵੀ ਜਾਣਕਾਰੀ ਦੇਣਾ ਹੈ ਤਾਂ ਕਿ ਵੈਦਿਕ ਦੇਵਤਿਆਂ ਬਾਰੇ ਪੂਰਨ ਗਿਆਨ ਹੋ ਸਕੇ।

### 1.2.2 ਭੂਮਿਕਾ

ਰਿਗਵੇਦ ਨੂੰ ਸਾਰੇ ਵੇਦਾਂ ਤੋਂ ਪੁਰਾਣਾ ਵੇਦ ਮੰਨਿਆ ਜਾਂਦਾ ਹੈ। ਇਸ ਵਿਚ 1028 ਸਲੋਕ ਜਾਂ ਭਜਨ ਹਨ। ਜੋ ਅੱਗੇ 10 ਮੰਡਲਾਂ ਵਿਚ ਵੰਡੇ ਹੋਏ ਹਨ। 'ਰਿਗ' ਸ਼ਬਦ 'ਰਿਕ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਉਸਤਤਿ ਵਿਚ ਰਚਿਆ ਹੋਇਆ ਭਜਨ। ਰਿਗਵੇਦ ਦੇਵਤਿਆਂ ਦੀ ਉਸਤਤਿ ਵਿਚ ਰਚੇ ਹੋਏ ਭਜਨਾਂ ਦਾ ਸਮੂਹ ਹੈ। 'ਸਾਮ' ਸ਼ਬਦ ਦਾ ਅਰਥ ਵੀ ਭਜਨ ਗਾਉਣਾ ਹੈ। ਸਾਮਵੇਦ ਵਿਚੋਂ ਚੁਣੇ ਹੋਏ ਅਜਿਹੇ ਸ਼ਬਦਾਂ ਦਾ ਸਮੂਹ ਹੈ ਜਿਹੜੇ ਗਾਉਣ ਦੇ ਮਨੋਰਥ ਨਾਲ ਰਾਗਾਂ ਦੀਆਂ ਧੁਨੀਆਂ ਅਨੁਸਾਰ ਇਕੱਠੇ ਕੀਤੇ ਗਏ। ਰਿਗਵੇਦ ਦੇ ਭਜਨ ਦੇਵਤਿਆਂ ਦੀ ਪ੍ਰਸ਼ੰਸ਼ਾ ਵਿਚ ਰਚੇ ਗਏ। ਸਮਾਜਿਕ ਜਾਂ ਹੋਰ ਵੇਰਵੇ ਦੂਜੇ ਨੰਬਰ ਦੇ ਹਨ। ਭਜਨਾਂ ਵਿਚ ਦੇਵਤਿਆਂ ਦੀ ਉਸਤਤਿ ਕਰਕੇ ਉਹਨਾਂ ਨੂੰ ਸੱਦਿਆ ਜਾਂਦਾ ਹੈ ਤਾਂ ਜੋ ਉਹ ਯੱਗ ਵਿਚ ਸੋਮਰਸ ਅਤੇ ਘਿਉ ਦੀਆਂ ਅਹੂਤੀਆਂ ਪ੍ਰਾਪਤ ਕਰਨ।

### 1.2.3 ਵੈਦਿਕ ਦੇਵਤੇ

ਦੇਵ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਦਿਵ' ਤੋਂ ਬਣਿਆ ਲਗਦਾ ਹੈ ਜਿਸ ਦਾ ਅਰਥ ਹੈ, ਚਮਕਣਾ ਜਾਂ ਸ਼ੋਭਾ ਪਾਉਣਾ। ਇਸ ਦਾ ਕਾਰਨ ਇਹ ਹੈ ਕਿ ਅਨੇਕ ਵੈਦਿਕ ਦੇਵਤੇ ਪ੍ਰਕ੍ਰਿਤੀ ਦੀਆਂ ਚਮਕਦੀਆਂ ਵਸਤੂਆਂ ਅਤੇ ਸ਼ਕਤੀਆਂ ਹਨ। ਹਵਾ, ਪਾਣੀ, ਚਮਕਦੀ ਬਿਜਲੀ, ਪ੍ਰਿਥਵੀ, ਸੂਰਜ, ਚੰਨ, ਅੱਗ ਆਦਿ ਦੇਵਤੇ ਮੰਨ ਲਏ ਗਏ ਤੇ ਇਹ ਸਭ ਆਪਸ ਵਿਚ ਇਕ ਦੂਜੇ ਦੇ ਨੇੜੇ ਹਨ। ਇਹਨਾਂ ਦੇਵਤਿਆਂ ਦਾ ਮੁਢ ਕਦੋਂ ਬੱਝਾ ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਰ ਸੰਸਾਰ ਦੀ ਉਸਤਤਿ ਬਾਰੇ ਰਿਗਵੇਦ ਦੀਆਂ ਰਿਚਾਂ (ਭਜਨਾਂ) ਵਿਚ ਕਿਹਾ ਗਿਆ ਹੈ ਕਿ ਦੇਵਤੇ ਸੰਸਾਰ ਦੀ ਸਿਰਜਣਾ ਤੋਂ ਪਿਛੋਂ ਹੋਂਦ ਵਿਚ ਆਏ। ਆਮ

ਤੌਰ ਤੇ ਦੇਵਤੇ ਧਰਤੀ ਅਤੇ ਆਕਾਸ਼ ਦੀ ਔਲਾਦ ਮੰਨੇ ਜਾਂਦੇ ਹਨ। ਅਥਰਵ ਵੇਦ ਅਨੁਸਰ ਦੇਵਤੇ ਅਦਿਤੀ ਦੇਵੀ ਤੋਂ ਪੈਦਾ ਹੋਏ। ਊਸ਼ਾ ਨੂੰ ਵੀ ਦੇਵਤਿਆਂ ਦੀ ਮਾਂ ਮੰਨਿਆ ਜਾਂਦਾ ਹੈ ਤੇ ਸੋਮ ਨੂੰ ਉਹਨਾਂ ਦਾ ਪਿਤਾ ਕਿਹਾ ਗਿਆ ਹੈ। ਦੇਵਤੇ ਬੜੇ ਸ਼ਕਤੀਸ਼ਾਲੀ ਤੇ ਮਹਾਨ ਹਨ। ਉਹ ਚਿੰਰਜੀਵੀ ਅਤੇ ਅਮਰ ਹਨ। ਉਹਨਾਂ ਦੀਆਂ ਵੀ ਮਨੁੱਖ ਵਾਂਗ ਇੰਦਰੀਆਂ ਹਨ। ਉਹ ਆਪਣੇ ਰੱਬੀ ਬਿਬਾਨ ਤੇ ਚੜ੍ਹ ਕੇ ਆਉਂਦੇ ਹਨ ਤੇ ਘਾਹ ਤੇ ਆਸਣ ਜਮਾਉਂਦੇ ਹਨ।

ਰਿਗਵੇਦ ਅਤੇ ਅਥਰਵਵੇਦ ਵਿਚ ਇਹਨਾਂ ਦੇਵਤਿਆਂ ਦੀ ਗਿਣਤੀ 33 ਦੱਸੀ ਗਈ ਹੈ। ਪਰ ਕਈ ਵਿਦਵਾਨਾਂ ਅਨੁਸਾਰ 333 ਹੈ। ਰਿਗਵੇਦ ਅਨੁਸਾਰ ਗਿਆਰਾਂ ਦੇਵਤੇ ਧਰਤੀ ਉੱਤੇ ਗਿਆਰਾਂ ਆਸਮਾਨ ਵਿਚ ਅਤੇ ਗਿਆਰਾਂ ਪਾਣੀ ਵਿਚ ਹਨ। 'ਯਾਸਕ' ਜੋ ਈਸਾ ਤੋਂ ਵੀ ਪਹਿਲਾਂ ਹੋਏ ਤੇ ਵੇਦਾਂ ਦੀ ਭਾਸ਼ਾ ਦੇ ਪਹਿਲੇ ਵਿਆਖਿਆਕਾਰ ਮੰਨੇ ਜਾਂਦੇ ਹਨ ਨੇ ਆਪਣੀ ਕਿਤਾਬ 'ਨਿਰੁਕਤ' ਵਿੱਚ ਤਿੰਨ ਕਿਸਮ ਦੇ ਦੇਵਤਿਆਂ ਦਾ ਵਰਣਨ ਕੀਤਾ ਹੈ :

1. ਧਰਤੀ ਉੱਤੇ ਰਹਿਣ ਵਾਲੇ ਦੇਵਤੇ (ਪ੍ਰਿਥਵੀ ਸਥਾਨ)
2. ਹਵਾ ਵਿਚ ਰਹਿਣ ਵਾਲੇ ਦੇਵਤੇ (ਮਧਿਅਮ ਸਥਾਨ)
3. ਆਕਾਸ਼ ਤੇ ਰਹਿਣ ਵਾਲੇ ਦੇਵਤੇ (ਦਿਉ ਸਥਾਨ)

ਵੈਦਿਕ ਦੇਵਤਿਆਂ ਨੂੰ ਰਿਹਾਇਸ਼ ਦੇ ਆਧਾਰ ਤੇ ਭਾਵ ਜਿਥੇ ਉਹ ਰਹਿੰਦੇ ਹਨ, ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

**ਆਕਾਸ਼ ਦੇ ਦੇਵਤੇ** : ਦਯੁਸ, ਵਰੁਣ, ਮਿੱਤਰ, ਆਦਿਤਯ, ਸੂਰਯ, ਸਵਿਤ੍ਰੀ, ਪੂਸ਼ਨ, ਵਿਸ਼ਨੂੰ, ਆਸ਼ਵਿਨ ਅਤੇ ਊਸ਼ਾ।

**ਹਵਾ ਦੇ ਦੇਵਤੇ** : ਇੰਦਰ, ਵਾਯੂ, ਪਰਜਨਯ, ਰੁਦ੍ਰ, ਮਰੁਤ, ਮਾਤਰੀਸ਼ਵਨ, ਤ੍ਰਿਤਾਪਤਯ, ਅਪਾਮ, ਨਪਾਤ, ਅਹਿਬੁਧਨੀਆ, ਅਜ, ਏਕਪਾਦ ਅਤੇ ਜਲ।

**ਧਰਤੀ ਦੇ ਦੇਵਤੇ** : ਅਗਨੀ, ਬ੍ਰਹਸਪਤਿ, ਸੋਮ, ਪ੍ਰਿਥਵੀ, ਸਾਗਰ ਅਤੇ ਨਦੀਆਂ।

ਬਹੁਤ ਦੇਵਤੇ ਨਰ ਸਨ ਅਤੇ ਦੇਵੀਆਂ ਬਹੁਤ ਘੱਟ ਸਨ। ਕੁਝ ਹੋਰ ਦੇਵਤੇ ਵੀ ਹਨ, ਜਿਹੜੇ ਕਿਸੇ ਸ਼੍ਰੇਣੀ ਵੰਡ ਵਿਚ ਨਹੀਂ ਆਉਂਦੇ, ਉਹ ਪ੍ਰਜਾਪਤਿ, ਤਸ਼ਵਟ੍ਰੀ, ਦਿਤੀ, ਅਦਿਤੀ, ਵਿਸ਼ਵਕਰਮਨ, ਗੰਧਰਵ, ਅਪਸਰਾਵਾਂ ਅਤੇ ਦਰਖਤਾਂ, ਪੌਦਿਆਂ, ਚਰਾਗਾਹਾਂ, ਪਹਾੜਾਂ ਆਦਿ ਤੇ ਵੱਸਣ ਵਾਲੀਆਂ ਰੂਹਾਂ ਹਨ। ਇਹਨਾਂ ਦੇਵਤਿਆਂ ਵਿਚੋਂ ਕੁਝ ਦੇਵਤਿਆਂ ਨੂੰ ਖਾਸ ਅਤੇ ਮਹੱਤਵਪੂਰਣ ਸਮਝਿਆ ਜਾਂਦਾ ਹੈ। ਜਿਵੇਂ ਇੰਦਰ, ਅਗਨੀ ਅਤੇ ਵਰੁਣ ਆਦਿ। ਇੰਦਰ ਦੇਵਤੇ ਨੂੰ ਪਰਾਕਰਮੀ ਅਤੇ ਹਿੰਸਾਤਮਕ ਸ਼ਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਤੇ ਵਰੁਣ ਨੂੰ ਭਲਾਈ ਤੇ ਨਿਮਰਤਾ ਦਾ ਪ੍ਰਤੀਕ। ਇਹਨਾਂ ਵਿਚ ਆਪਸ ਵਿਚ ਵਿਰੋਧ ਚਲਦਾ ਸੀ ਪਰ ਬਾਅਦ ਵਿਚ ਇੰਦਰ ਨੂੰ ਕੁਝ ਝੁਕਦਿਆਂ ਮੰਨਿਆ ਗਿਆ ਹੈ। ਦੇਵਤਿਆਂ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਕਿਸੇ ਖਾਸ ਸਮੇਂ ਤੇ ਦੇਵਤੇ ਬਣੇ ਤੇ ਅਮਰ ਹੋ ਗਏ। ਪਰ ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਸਾਰੇ ਇਕੋ ਸਮੇਂ ਦੇਵਤੇ ਨਹੀਂ ਬਣੇ। ਇਹ ਸਾਰੇ ਮਾਂ, ਬਾਪ ਹਨ, ਤੇ ਸੋਮਰਸ ਦੇ ਸ਼ੌਕੀਨ ਹਨ ਤੇ ਅਗਨੀ ਦੀ ਕ੍ਰਿਪਾ ਨਾਲ ਇਹਨਾਂ ਨੇ ਅੰਮ੍ਰਿਤ ਪੀ ਲਿਆ। ਇਹਨਾਂ ਦੇਵਤਿਆਂ ਦਾ ਸਰੂਪ ਮਨੁੱਖ ਵਰਗਾ ਹੈ। ਇਹਨਾਂ ਦੇ ਵੱਖ-ਵੱਖ ਅੰਗਾਂ ਦਾ ਵਰਨਣ ਪ੍ਰਕ੍ਰਿਤੀ ਦੇ ਉਸ ਰੂਪ ਵਲ ਸੰਕੇਤ ਕਰਦਾ ਹੈ, ਜਿਸ ਦੇ ਉਹ ਪ੍ਰਤੀਕ ਹਨ ਜਿਵੇਂ ਅਗਨੀ ਦੀ ਜੀਭ ਦਾ ਅਰਥ ਉਸ ਦੀਆਂ ਲਾਟਾਂ ਤੋਂ ਹੈ। ਇਹਨਾਂ ਵਿਚੋਂ ਕੁਝ ਦੇਵਤੇ ਯੋਧੇ ਹਨ ਜਿਵੇਂ ਇੰਦਰ ਦੇਵਤਾ। ਕੁਲ ਪਰੋਹਿਤ ਅਗਨੀ ਦੇਵਤਾ ਹੈ ਜੋ ਅਹੂਤੀਆਂ ਦੇ ਰੂਪ ਵਿਚ ਭੇਟਾਵਾਂ ਲੈਂਦਾ ਹੈ।

ਸਾਰੇ ਦੇਵਤੇ ਰੁਖਾਂ ਤੇ ਚੜ੍ਹ ਕੇ ਇੱਛਾ ਅਨੁਸਾਰ ਘੁੰਮਦੇ ਫਿਰਦੇ ਹਨ। ਦੁੱਧ, ਮੱਖਣ, ਅਨਾਜ ਅਤੇ ਮਾਸ ਇਹਨਾਂ ਦਾ ਮਨਭਾਉਂਦਾ ਖਾਣਾ ਹੈ, ਜੋ ਯੱਗ ਦੇ ਸਮੇਂ ਇਹਨਾਂ ਨੂੰ ਭੇਟ ਕੀਤਾ ਜਾਂਦਾ ਹੈ। ਇਹ ਦੇਵਤੇ ਸੋਮਰਸ ਬੜੇ ਸ਼ੋਕ ਨਾਲ ਪੀਂਦੇ ਹਨ। ਇਹਨਾਂ ਦਾ ਵਾਸਾ ਸਵਰਗ ਵਿਚ ਹੈ ਜੋ ਆਕਾਸ਼ ਤੇ ਹੈ। ਇਹ ਕੁਝ ਰਿਗਵੇਦ ਵਿਚ ਆਉਂਦਾ ਹੈ। ਇਹ ਪ੍ਰਕ੍ਰਿਤੀ ਦੇ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾਉਂਦੇ ਹਨ ਤੇ ਬੁਰੀਆਂ ਤਾਕਤਾਂ ਨੂੰ ਰੋਕਦੇ ਹਨ। ਸੰਸਾਰ ਦੇ ਸਾਰੇ ਪ੍ਰਾਣੀ ਇਹਨਾਂ ਦੀ ਇੱਛਾ ਅਨੁਸਾਰ ਚਲਦੇ ਹਨ, ਤੇ ਹਰ ਪ੍ਰਾਣੀ ਦੀ ਉਮਰ ਇਹੋ ਨਿਸ਼ਚਿਤ ਕਰਦੇ ਹਨ। ਮਨੁੱਖ ਦੀਆਂ ਇੱਛਾਵਾਂ ਦੀ ਪੂਰਤੀ ਇਹਨਾਂ ਦੇਵਤਿਆਂ ਉੱਤੇ ਨਿਰਭਰ ਹੈ। ਇਹ ਦੇਵਤੇ ਬੜੇ ਪਰਉਪਕਾਰੀ ਹਨ ਤੇ ਹਮੇਸ਼ਾਂ ਦਾਤਾਂ ਬਖਸ਼ਦੇ ਹਨ। ਇਕੱਲਾ ਰੁਦਰ ਦੇਵਤਾ ਅਜਿਹਾ ਹੈ ਜੋ ਪ੍ਰਾਣੀਆਂ ਨੂੰ ਸਤਾਉਂਦਾ ਹੈ। ਜਦੋਂ ਕਿ ਬਾਕੀ ਦੇਵਤੇ ਸੱਚੇ ਅਤੇ ਇਮਾਨਦਾਰ ਹਨ ਅਤੇ ਇਮਾਨਦਾਰ ਅਤੇ ਸੱਚੇ ਲੋਕਾਂ ਦੀ ਹਮੇਸ਼ਾ ਸੇਵਾ ਅਤੇ ਰੱਖਿਆ ਕਰਦੇ ਹਨ। ਪਾਪੀਆਂ ਅਤੇ ਦੁਸ਼ਟਾਂ ਨੂੰ ਦੰਡ ਦਿੰਦੇ ਹਨ। ਭਾਵੇਂ ਰਿਗਵੇਦ ਵਿਚ ਬਹੁਤ ਸਾਰੇ ਦੇਵਤਿਆਂ ਦਾ ਵਰਣਨ ਹੈ, ਜਿਵੇਂ ਵਿਸ਼ਵਕਰਮਾ ਜੋ ਸਾਰੇ ਕਰਮ ਕਰਦਾ ਹੈ। ਪਰ ਇਹ ਅਪ੍ਰਧਾਨ ਹਨ। ਇਹਨਾਂ ਵਿਚ ਕਈਆਂ ਨੂੰ ਕੋਈ ਖਾਸ ਮਹਾਨਤਾ ਨਹੀਂ ਮਿਲੀ। ਵੈਦਿਕ ਧਰਮ ਦੇ ਪ੍ਰਮੁੱਖ ਦੇਵਤਿਆਂ ਵਿਚ ਅਗਨੀ, ਇੰਦਰ ਅਤੇ ਵਰੁਣ ਆਉਂਦੇ ਹਨ।

**ਅਗਨੀ ਦੇਵਤਾ** : ਅਗਨੀ ਦੇਵਤਾ ਵੈਦਿਕ ਧਰਮ ਦੇ ਪ੍ਰਮੁੱਖ ਦੇਵਤਿਆਂ ਵਿਚੋਂ ਇਕ ਹੈ। ਉਹ ਅੱਗ ਦਾ ਦੇਵਤਾ ਹੀ ਨਹੀਂ, ਜਿਵੇਂ ਕਿ ਆਮ ਸਮਝਿਆ ਜਾਂਦਾ ਹੈ, ਸਗੋਂ ਆਪ ਅੱਗ ਹੈ। ਉਸ ਨੂੰ ਪਰੋਹਿਤ ਵੀ ਆਖਿਆ ਜਾਂਦਾ ਹੈ ਕਿਉਂਕਿ ਇਸ ਦੇਵਤੇ ਦੇ ਰਾਹੀਂ ਹੀ ਪ੍ਰਾਣੀ ਆਪਣੀਆਂ ਅਹੂਤੀਆਂ ਦੂਜੇ ਦੇਵਤਿਆਂ ਨੂੰ ਪਹੁੰਚਾਉਂਦੇ ਹਨ। ਸਾਰੇ ਰਿਗਵੇਦ ਵਿਚੋਂ ਲਗਭਗ 200 ਸੂਕਤ (ਮੰਤਰ) ਜੋ ਕਿ ਰਿਗਵੇਦ ਦਾ ਤਕਰੀਬਨ 5ਵਾਂ ਭਾਗ ਬਣਦਾ ਹੈ ਅਗਨੀ ਦੇਵਤੇ ਦੀ ਉਸਤਤਿ ਵਿਚ ਉਚਾਰੇ ਗਏ ਹਨ। ਇਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਰਿਗਵੇਦ ਵਿਚ ਅਗਨੀ ਦੇਵਤੇ ਦੀ ਕਿੰਨੀ ਮਹਾਨਤਾ ਹੈ। ਯੱਗ ਦੀ ਮਹਾਨਤਾ ਅਗਨੀ ਉਤੇ ਹੀ ਨਿਰਭਰ ਕਰਦੀ ਹੈ। ਕਿਉਂਕਿ ਅਗਨੀ ਹੀ ਮਨੁੱਖ ਦੀਆਂ ਦਿੱਤੀਆਂ ਹੋਈਆਂ ਅਹੂਤੀਆਂ ਆਪ ਸਵੀਕਾਰ ਕਰਕੇ ਦੂਜਿਆਂ ਦੇਵਤਿਆਂ ਤੱਕ ਪਹੁੰਚਾਉਂਦਾ ਹੈ। ਇਸ ਲਈ ਹਰ ਯੱਗ ਦੇ ਆਰੰਭ ਵਿੱਚ ਇਸ ਦੇਵਤੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪ ਵੀ ਆਵੇ ਤੇ ਬਾਕੀ ਦੇਵਤਿਆਂ ਨੂੰ ਵੀ ਨਾਲ ਲੈ ਕੇ ਆਵੇ। ਰਿਗਵੇਦ ਵਿਚ ਬਲਦੀ ਹੋਈ ਅੱਗ ਨੂੰ ਮਨੁੱਖ ਦਾ ਰੂਪ ਦਿਤਾ ਗਿਆ ਹੈ, ਜਿਵੇਂ ਅਗਨੀ ਦੀਆਂ ਲਾਟਾਂ ਇਸ ਦਾ ਮੁੱਖ, ਉਪਰਲਾ ਹਿੱਸਾ ਉਸ ਦੇ ਵਾਲ ਹਨ। ਉਸ ਦਾ ਜਬਾੜਾ ਵਸਤੂ ਨੂੰ ਚੱਬ ਜਾਂਦਾ ਹੈ। ਉਸ ਦਾ ਸਿਰ ਜਵਾਲਾ ਹੈ। ਇਸ ਨਾਲ ਉਹ ਹਰ ਪਾਸੇ ਤੱਕਦਾ ਹੈ। ਪਰੰਪਰਾ ਅਨੁਸਾਰ ਅਗਨੀ ਦੀਆਂ 7 ਜੀਭਾਂ ਅਤੇ 1000 ਅੱਖਾਂ ਸਮਝੀਆਂ ਜਾਂਦੀਆਂ ਹਨ। ਕਦੀ ਕਦੀ ਅਗਨੀ ਦੀ ਤੁਲਨਾ ਅੜਿੰਗਦੇ ਬਲਦ ਨਾਲ ਵੀ ਕੀਤੀ ਜਾਂਦੀ ਹੈ ਜੋ ਆਪਣੇ ਸਿੰਗਾਂ ਨੂੰ ਤੇਜ਼ ਕਰਦਾ ਰਹਿੰਦਾ ਹੈ। ਅਗਨੀ ਦੇਵਤਾ ਉਹ ਘੋੜਾ ਹੈ ਜੋ ਅਹੂਤੀਆਂ ਰਾਹੀਂ ਪ੍ਰਾਣੀਆਂ ਵਲੋਂ ਪਹੁੰਚਾਈਆਂ ਹੋਈਆਂ ਭੇਟਾਵਾਂ ਬਾਕੀ ਦੇਵਤਿਆਂ ਤੱਕ ਪਹੁੰਚਾਉਂਦਾ ਹੈ। ਲੱਕੜ ਅਤੇ ਘਿਓ ਇਸ ਦਾ ਖਾਜਾ ਹਨ ਤੇ ਇਹ ਮੱਖਣ ਪੀਂਦਾ ਹੈ ਤੇ ਇਸ ਨੂੰ ਦਿਨ ਵਿਚ ਤਿੰਨ ਵਾਰੀ ਭੋਗ ਲਗਾਇਆ ਜਾਂਦਾ ਹੈ। ਸਾਰੇ ਵੈਦਿਕ ਦੇਵਤਿਆਂ ਨਾਲੋਂ ਮਨੁੱਖੀ ਜੀਵਨ ਨਾਲ ਇਸ ਦਾ ਡੂੰਘਾ ਸਬੰਧ ਹੈ। ਰਿਗਵੇਦ ਵਿਚੋਂ ਅਗਨੀ ਦੇਵਤੇ ਸਬੰਧੀ ਇਕ ਭਜਨ ਦੇਖੋ :

ਐ ਅਗਨੀ ਆਪਣੇ ਪ੍ਰਕਾਸ਼ ਨਾਲ
ਸਾਡੇ ਪਾਪਾਂ ਨੂੰ ਦੂਰ ਭਜਾ ਦੇ,
ਸਾਨੂੰ ਸੰਪਤੀ ਦੀ ਬਖਸ਼ਿਸ਼ ਕਰ।

ਤੇਰੇ ਪ੍ਰਕਾਸ਼ ਨਾਲ ਸਾਡੇ ਪਾਪ ਦੂਰ ਭਜ ਜਾਣ।
ਆਪਣੇ ਉਪਜਾਊ ਖੇਤਾਂ ਲਈ,
ਸੁਖੀ ਘਰਾਂ ਅਤੇ ਦੌਲਤ ਲਈ,
ਅਸੀਂ ਬਲੀਦਾਨ ਕਰਦੇ ਹਾਂ।
ਤੇਰੇ ਪ੍ਰਕਾਸ਼ ਨਾਲ ਸਾਰੇ ਪਾਪ ਦੂਰ ਭਜ ਜਾਣ। (ਰਿਗਵੇਦ)

**ਇੰਦਰ ਦੇਵਤਾ** : ਰਿਗਵੇਦ ਦਾ ਇਕ ਹੋਰ ਪ੍ਰਸਿੱਧ ਦੇਵਤਾ ਇੰਦਰ ਹੈ। ਰਿਗਵੇਦ ਦੇ ਲਗਭਗ 250 ਭਜਨਾਂ ਵਿਚ ਉਸ ਨੂੰ ਯਾਦ ਕੀਤਾ ਗਿਆ ਹੈ। ਅੰਦਾਜ਼ਨ ਰਿਗਵੇਦ ਦਾ ਹਰ ਚੌਥਾ ਭਜਨ ਇੰਦਰ ਦੀ ਉਸਤਤਿ ਵਿਚ ਗਾਇਆ ਹੋਇਆ ਹੈ। ਰਿਗਵੇਦ ਵਿਚ ਬਹੁਤ ਥਾਵਾਂ ਤੇ ਇੰਦਰ ਨੂੰ ਸ੍ਰਿਸ਼ਟੀ ਦਾ ਮਾਲਕ ਕਿਹਾ ਗਿਆ ਹੈ। ਇੰਦਰ ਮਨੁੱਖ ਤੇ ਧਨ ਦਾ ਮਾਲਕ ਹੈ (1.7.9)। ਇੰਦਰ ਨੂੰ ਵਰਖਾ (ਮੀਂਹ) ਦਾ ਦੇਵਤਾ ਮੰਨਿਆ ਜਾਂਦਾ ਹੈ ਰਿਗਵੇਦ (2.12)। ਇੰਦਰ ਮੁੱਖ ਤੌਰ ਤੇ ਕੜਕਦੀ ਬਿਜਲੀ ਦਾ ਦੇਵਤਾ ਹੈ ਜੋ ਦੈਂਤਾਂ ਉਤੇ ਵਿਜੇ ਪ੍ਰਾਪਤ ਕਰਦਾ ਹੈ ਤੇ ਹਨੇਰੇ ਨੂੰ ਦੂਰ ਕਰਨ ਵਾਲਾ ਹੈ। ਉਹ ਆਰੀਆਂ ਦੀ ਲੜਾਈ ਦਾ ਜਰਨੈਲ ਹੈ। ਉਸ ਨੇ ਦਾੜ੍ਹੀ ਰੱਖੀ ਹੋਈ ਹੈ ਤੇ ਉਸ ਦੀ ਸ਼ਕਲ ਸੁਨਹਿਰੀ ਹੈ। ਉਸ ਦਾ ਸਰੀਰ ਰਿਸ਼ਟ ਪੁਸ਼ਟ ਹੈ ਤੇ ਆਪਣੀਆਂ ਬਾਹਵਾਂ ਵਿਚ ਹਜਾਰਾਂ ਅਕਾਸ਼ੀ ਧਮਾਕੇ ਰੱਖਦਾ ਹੈ। ਉਹ ਕਈ ਤਰ੍ਹਾਂ ਦੀ ਸ਼ਕਲ ਧਾਰਨ ਕਰ ਸਕਦਾ ਹੈ।

ਸਾਰੇ ਰਿਗਵੇਦ ਵਿਚ ਇਕ ਇਸੇ ਦੇਵਤੇ ਦਾ ਬਚਪਨ ਦਿਤਾ ਗਿਆ ਹੈ। ਜੰਮਦਿਆਂ ਸਾਰ ਹੀ ਉਹ ਕਿੰਨਾ ਸਾਰਾ ਸੋਮ ਰਸ ਪੀ ਗਿਆ ਅਤੇ ਉਹ ਵੀ ਇਕੋ ਸਾਹੇ। ਇੰਦਰ ਸੁਨਹਿਰੀ ਰਥ ਦੀ ਸਵਾਰੀ ਕਰਦਾ ਹੈ ਜਿਸ ਨੂੰ ਘੋੜੇ ਖਿਚਦੇ ਹਨ, ਜਿਹਨਾਂ ਦੀ ਚਾਲ ਖਿਆਲ ਨਾਲੋਂ ਵੀ ਤੇਜ਼ ਮੰਨੀ ਜਾਂਦੀ ਹੈ। ਸੋਮਰਸ ਪੀ ਕੇ ਉਹ ਲੜਾਈ ਲਈ ਤਿਆਰ ਹੁੰਦਾ ਹੈ। ਇਸ ਨੂੰ ਅਗਨੀ ਦੇਵਤੇ ਦਾ ਜੁੜਵਾਂ ਭਰਾ ਵੀ ਮੰਨਿਆ ਜਾਂਦਾ ਹੈ। ਇੰਦਰ ਦੀ ਘਰ ਵਾਲੀ ਇੰਦਰਾਣੀ ਹੈ। ਇੰਦਰ ਬੜੇ ਭਾਰੀ ਕੱਦ ਅਤੇ ਸ਼ਕਤੀ ਵਾਲਾ ਹੈ। ਉਸ ਵਿਚ ਬੇਹਦ ਦਰਜੇ ਵਾਲੀ ਸ਼ਕਤੀ ਤੇ ਬਹਾਦਰੀ ਹੈ। ਸਾਰੇ ਦੇਵਤੇ, ਉਸ ਦੀ ਸ਼ਕਤੀ ਦਾ ਪਾਣੀ ਭਰਦੇ ਹਨ। ਰਿਗਵੇਦ ਵਿਚ ਇੰਦਰ ਦੀ ਉਸਤਤਿ ਵਿਚ ਰਚਿਆ ਹੋਇਆ ਇਕ ਭਜਨ ਦੇਖੋ :

ਐ ਇੰਦਰ, ਤੂੰ ਸਾਰੇ ਦੇਵਤਿਆਂ ਦਾ ਬਾਦਸ਼ਾਹ ਹੈ।
ਮਨੁੱਖਾਂ ਦੀ ਰੱਖਿਆ ਕਰ
ਐ ਦੇਵ, ਸਾਨੂੰ ਬਚਾ,
ਐ ਮਾਘਵਨ (ਇੰਦਰ) ਤੂੰ ਮਲਾਹਾਂ ਦਾ ਸਰਦਾਰ ਹੈ, ਸਾਡਾ ਰਖਿਅਕ ਹੈ।
ਤੂੰ ਵਫ਼ਾਦਾਰ, ਬੜਾ ਧਨਵਾਨ ਅਤੇ ਵਿਜੈਦਾਤਾ ਹੈਂ।

**ਵਰੁਣ ਦੇਵਤਾ** : ਭਾਵੇਂ ਰਿਗਵੇਦ ਵਿਚ ਵਰੁਣ ਦੇਵਤੇ ਲਈ ਰਚੇ ਗਏ ਭਜਨਾਂ ਦੀ ਗਿਣਤੀ 12 ਹੈ ਪਰ ਫਿਰ ਵੀ ਇਸ ਨੂੰ ਰਿਗਵੇਦ ਦੇ ਪ੍ਰਮੁੱਖ ਦੇਵਤਿਆਂ ਵਿਚੋਂ ਗਿਣਿਆ ਜਾਂਦਾ ਹੈ। ਇਸ ਦਾ ਮਨੁੱਖ ਰੂਪ ਬੜਾ ਸਪਸ਼ਟ ਹੈ। ਇਸ ਦੀਆਂ ਬਾਹਾਂ ਮੂੰਹ, ਅੱਖਾਂ ਅਤੇ ਬਾਕੀ ਸਰੀਰ ਮਨੁੱਖਾਂ ਵਾਂਗੂੰ ਸਪੱਸ਼ਟ ਹੈ। ਚਮਕਦੇ ਸੂਰਜ ਵਰਗੀਆਂ ਉਸ ਦੀਆਂ ਅੱਖਾਂ ਹਨ। ਹਵਾਵਾਂ ਉਸ ਦੇ ਸਵਾਸ ਹਨ, ਕਪੜੇ ਉਸ ਦੇ ਸੁਨਹਿਰੀ ਹਨ ਅਤੇ ਉਸ ਦਾ ਰਥ ਸੂਰਜ ਵਾਂਗ ਜਗਮਗ ਕਰਦਾ ਹੈ। ਉਹ ਦੂਰਦਰਸ਼ੀ ਹੈ ਤੇ ਸਾਰੇ ਵਿਸ਼ਵ ਦਾ ਮਾਲਕ ਮੰਨਿਆ ਜਾਂਦਾ ਹੈ। ਵਰੁਣ ਨੂੰ ਕੁਦਰਤ ਦੇ ਨਿਯਮਾਂ ਦਾ ਦੇਵਤਾ ਮੰਨਿਆ ਜਾਂਦਾ ਹੈ। ਉਸ ਨੇ ਧਰਤੀ ਤੇ ਆਕਾਸ਼ ਸਥਾਪਤ ਕੀਤੇ ਤੇ ਧਰਤੀ ਉਸ ਦੇ ਹੁਕਮ ਤੇ ਹੀ ਅਕਾਸ਼ ਤੋਂ ਵੱਖ ਹੋਈ ਤੇ ਉਸ ਦੇ ਹੁਕਮ ਅਨੁਸਾਰ ਹੀ ਦੋਵੇਂ ਅੱਡ ਅੱਡ ਖੜੋਤੇ ਹਨ। ਉਸ ਨੇ ਹੀ ਅਕਾਸ਼ ਵਿਚ ਸੂਰਜ

ਨੂੰ ਚਮਕਾਇਆ। ਉਸ ਦੇ ਹੁਕਮ ਅਨੁਸਾਰ ਹੀ ਚੰਦ ਚਮਕਦਾ ਹੈ ਤੇ ਤਾਰੇ ਹਰਕਤ ਵਿਚ ਆਉਂਦੇ ਹਨ। ਨਦੀਆਂ ਉਸ ਦੇ ਹੁਕਮ ਅਨੁਸਾਰ ਚਲਣ ਨੂੰ ਮਜ਼ਬੂਰ ਹਨ ਤੇ ਸਮੁੰਦਰ ਨੂੰ ਭਰਦੀਆਂ ਹਨ। ਉਸ ਨੂੰ ਅਕਸਰ ਮ੍ਰਿਤ ਦੇਵਤੇ ਨਾਲ ਨੱਥੀ ਕੀਤਾ ਹੈ। ਮ੍ਰਿਤ ਦੇਵਤੇ ਨੇ ਦਿਨ ਪੈਦਾ ਕੀਤਾ ਜਦੋਂ ਕਿ ਵਰੁਣ ਨੇ ਰਾਤ ਪੈਦਾ ਕੀਤੀ। ਮ੍ਰਿਤ ਅਤੇ ਵਰੁਣ ਅਸਮਾਨ ਵਿਚ ਮੀਂਹ ਭੇਜਦੇ ਹਨ। ਵਰੁਣ ਦੇ ਨਿਯਮ ਸਥਾਈ ਹਨ ਤੇ ਉਹ ਸੰਸਾਰ ਦੇ ਪ੍ਰਬੰਧ ਦਾ ਰਖਵਾਲਾ ਹੈ ਤੇ ਪਾਪ ਕਰਨ ਵਾਲਿਆਂ ਨੂੰ ਸਜ਼ਾ ਦਿੰਦਾ ਹੈ। ਵਰੂਣ ਨੂੰ ਸਰਬ ਗਿਆਤਾ ਤੇ ਸਰਵ ਵਿਆਪੀ ਮੰਨਿਆ ਜਾਂਦਾ ਹੈ ਜੋ ਜੀਵਨ ਦਾਨ ਦਿੰਦਾ ਹੈ ਤੇ ਮੌਤ ਨੂੰ ਰੱਦ ਕਰਦਾ ਹੈ। ਰਿਗਵੇਦ ਅਨੁਸਾਰ ਯਮ ਤੇ ਵਰੁਣ ਦੋ ਅਜਿਹੇ ਦੇਵਤੇ ਹਨ ਜਿਹਨਾਂ ਨੂੰ ਮਰ ਕੇ ਵਿਅਕਤੀ ਅਕਾਸ਼ ਵਿਚ ਵੇਖਦਾ ਹੈ।

**ਵਿਸ਼ਨੂੰ** : ਵੈਦਿਕ ਧਰਮ ਵਿਚ ਵਿਸ਼ਨੂੰ ਇਕ ਛੋਟਾ ਦੇਵਤਾ ਹੈ। ਜਿਸ ਦੀ ਉਸਤਤਿ ਵਿਚ ਰਿਗਵੇ ਦ ਵਿਚ ਕੇਵਲ ਪੰਜ ਹੀ ਭਜਨ ਉਚਾਰੇ ਹੋਏ ਮਿਲਦੇ ਹਨ। ਵਿਸ਼ਨੂੰ ਨੂੰ ਇਕ ਤੇਜ ਰਫਤਾਰ ਦੇਵਤਾ ਮੰਨਿਆ ਜਾਂਦਾ ਹੈ ਜੋ ਤਿੰਨ ਪੁਲਾਂਘਾਂ ਨਾਲ ਹੀ ਸਾਰੀ ਧਰਤੀ ਪਾਰ ਕਰ ਜਾਂਦਾ ਹੈ। ਇਹ ਤਿੰਨ ਪੁਲਾਘਾਂ ਸੂਰਜ ਦੇ ਉਦੈ, ਦੁਪਹਿਰ ਤੇ ਸੂਰਜ ਛਿਪਣ ਵਲ ਵੀ ਸੰਕੇਤ ਹੋ ਸਕਦੀਆਂ ਹਨ। ਕਈ ਭਜਨਾਂ ਵਿਚ ਇਸ ਦਾ ਇੰਦਰ ਨਾਲ ਬੜੇ ਨੇੜੇ ਦਾ ਸਬੰਧ ਦਿਖਾਇਆ ਹੈ ਤੇ ਦੋਵੇਂ ਇਕੱਠੇ ਗੈਰ ਆਰੀਆਂ ਲੋਕਾਂ ਉਤੇ ਵਿਜੈ ਪ੍ਰਾਪਤ ਕਰਦੇ ਹਨ।

**ਰੁਦਰ** : ਰੁਦਰ ਦੇਵਤੇ ਦੀ ਉਸਤਤਿ ਸਾਰੇ ਰਿਗਵੇਦ ਵਿਚ ਸਿਰਫ ਤਿੰਨ ਭਜਨਾਂ ਵਿਚ ਕੀਤੀ ਗਈ ਹੈ। ਉਸ ਦੀਆਂ ਕਈ ਸ਼ਕਲਾਂ ਹਨ। ਉਹ ਸੂਰਜ ਦੀ ਤਰ੍ਹਾਂ ਚਮਕਦਾ ਹੈ ਤੇ ਮਾਲਾ ਪਹਿਨਦਾ ਹੈ। ਦੂਜੇ ਵੇਦਾਂ ਵਿਚ ਉਸ ਨੂੰ ਹਜ਼ਾਰਾਂ ਅੱਖਾਂ ਵਾਲਾ ਕਿਹਾ ਗਿਆ ਹੈ। ਉਹ ਖੱਲ ਪਹਿਨਦਾ ਹੈ ਤੇ ਪਹਾੜਾਂ ਵਿਚ ਰਹਿੰਦਾ ਹੈ। ਰੁਦਰ ਨੂੰ ਪ੍ਰਚੰਡ ਤੇ ਵਿਨਾਸ਼ਕਾਰੀ ਮੰਨਿਆ ਜਾਂਦਾ ਹੈ, ਜਿਸ ਤੋਂ ਲੋਕ ਭੈਅ ਖਾਂਦੇ ਹਨ। ਅਸਲ ਵਿਚ ਇਸ ਨੂੰ ਗੈਰ ਆਰੀਆ ਦੇਵਤਾ ਮੰਨਿਆ ਗਿਆ ਹੈ। ਕਈ ਵਿਦਵਾਨ ਇਸ ਨੂੰ ਭਗਵਾਨ ਸ਼ਿਵ ਨਾਲ ਜੋੜਦੇ ਹਨ ਅਤੇ ਆਖਦੇ ਹਨ ਰੁਦਰ ਹੀ ਭਗਵਾਨ ਸ਼ਿਵ ਹੈ।

**ਵਿਸ਼ਵਕਰਮਾ** : ਰਿਗਵੇਦ ਦੇ ਦਸਵੇਂ ਮੰਡਲ ਵਿਚ ਵਿਸ਼ਵਕਰਮਾ ਬਾਰੇ ਕੁਝ ਸ਼ਬਦ ਹਨ, ਜਿਹਨਾਂ ਵਿਚ ਉਸ ਨੂੰ ਸਭ ਕੁਝ ਪੈਦਾ ਕਰਨ ਵਾਲਾ ਕਿਹਾ ਗਿਆ ਹੈ।

**ਯਮ** : ਵੇਦਾਂ ਵਿਚ ਯਮ ਨੂੰ ਮੁਰਦਿਆਂ ਦਾ ਦੇਵਤਾ ਮੰਨਿਆ ਗਿਆ ਹੈ। ਯਮ ਅਤੇ ਵਰੁਣ ਦੋ ਅਜਿਹੇ ਦੇਵਤੇ ਹਨ ਜਿਹਨਾਂ ਨੂੰ ਵਿਅਕਤੀ ਮਰਨ ਤੋਂ ਪਿਛੋਂ ਅਕਾਸ਼ ਵਿਚ ਪਹੁੰਚ ਕੇ ਵੇਖਦਾ ਹੈ। ਇਹਨਾਂ ਦੇਵਤਿਆਂ ਦੀ ਉਪਾਸਨਾ ਲੰਬੀ ਉਮਰ ਲਈ ਕੀਤੀ ਜਾਂਦੀ ਹੈ।

ਭਾਵੇਂ ਵੈਦਿਕ ਧਰਮ ਦੇਵ ਪ੍ਰਧਾਨ ਧਰਮ ਸੀ ਤੇ ਵੇਦਾਂ ਵਿਚ ਬਹੁਤ ਸਾਰੇ ਦੇਵਤਿਆਂ ਦਾ ਵਰਣਨ ਹੋਇਆ ਹੈ ਤੇ ਵੈਦਿਕ ਲੋਕ ਬਹੁਤ ਸਾਰੇ ਦੇਵਤਿਆਂ ਵਿਚ ਵਿਸ਼ਵਾਸ ਰਖਦੇ ਸਨ ਪਰ ਉਹਨਾਂ ਨੂੰ ਇਕ ਪਰਮ ਸੱਤਾ ਬਾਰੇ ਪਤਾ ਨਹੀਂ ਸੀ (ਰਿਗਵੇਦ 1.164.46) ਭਾਵੇਂ ਰਿਗਵੇਦ ਵਿਚ ਕਿਹਾ ਵੀ ਹੈ ਕਿ ਦੇ ਵਤਿਆਂ ਦੇ ਨਾਮ ਧਾਰਣ ਕਰਨ ਵਾਲਾ ਇਕ ਹੀ ਹੈ (10.72.3 ਰਿਗਵੇਦ)।

## 1.2.4 ਸਿੱਟਾ

ਸਾਰੇ ਪਾਠ ਵਿੱਚ ਦੇਵਤਿਆਂ ਨਾਲ ਜਾਣ-ਪਛਾਣ ਕਰਵਾਈ ਗਈ ਹੈ। ਉਹਨਾਂ ਦੀ ਸਖਸ਼ੀਅਤ ਦੇ ਨਾਲ-ਨਾਲ ਉਹਨਾਂ ਦੇ ਕੰਮਾਂ ਦਾ ਜਿਕਰ ਵੀ ਕੀਤਾ ਗਿਆ ਹੈ। ਉਹਨਾਂ ਦੇ ਸ਼ਾਂਤ ਅਤੇ ਭਿਅੰਕਰ ਰੂਪ ਦਾ ਵਰਨਣ ਵੀ ਮਿਲਦਾ ਹੈ। ਹਿੰਦੂ ਧਰਮ ਵਿੱਚ ਦੇਵ ਪੂਜਾ ਉਹਨਾਂ ਨੂੰ ਖੁਸ਼ ਕਰਨ ਲਈ ਕੀਤੀ ਜਾਂਦੀ ਹੈ।

## 1.2.5 ਅਭਿਆਸ ਲਈ ਪ੍ਰਸ਼ਨ:

### ਵੱਡੇ ਪ੍ਰਸ਼ਨ

1. ਵੈਦਿਕ ਦੇਵਤਿਆਂ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਤਾਰ ਪੂਰਵਕ ਜਾਣਕਾਰੀ ਦਿਓ।
2. ਵੈਦਿਕ ਦੇਵਤਿਆਂ ਬਾਰੇ ਦਸਦੇ ਹੋਏ ਵਰੁਣ, ਅਗਨੀ, ਇੰਦਰ ਦੇਵਤਿਆਂ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿਓ।

### ਸੰਖੇਪ ਪ੍ਰਸ਼ਨ:

1) ਅਗਨੀ
2) ਇੰਦਰ
3) ਵਰੁਣ
4) ਵੈਦਿਕ ਦੇਵਤੇ
5) ਧਰਤੀ ਉਪਰ ਰਹਿਣ ਵਾਲੇ ਦੇਵਤੇ

## 1.2.6 ਸਹਾਇਕ ਪੁਸਤਕਾਂ:

1. ਭਾਰਤੀ ਦਰਸ਼ਨ, ਇਕਬਾਲ ਨਰਾਇਣ ਚੌਪੜਾ
2. ਭਾਰਤੀ ਦਰਸ਼ਨ, ਆਰ.ਡੀ. ਨਿਰਾਕਾਰੀ
3. ਭਾਰਤੀ ਦਰਸ਼ਨ, ਸ਼ਾਤੀ ਨਾਥ ਗੁਪਤਾ

## ਬਲੀ

ਬਲੀ ਵੈਦਿਕ ਧਰਮ ਦੀ ਇਕ ਪ੍ਰਮੁਖ ਰਸਮ ਹੁੰਦੀ ਸੀ। ਰਿਗਵੇਦ ਦੇ 10ਵੇਂ ਮੰਡਲ ਦੇ ਪੁਰਸ਼ ਸੂਕਤ ਵਿਚ ਸ੍ਰਿਸ਼ਟੀ ਦੀ ਰਚਨਾ ਦੇਵਤਿਆਂ ਦੁਆਰਾ ਉਸ ਆਦਮ ਪੁਰਸ਼ ਦੀ ਬਲੀ ਦੇ ਕੇ ਹੁੰਦੀ ਦਿਖਾਈ ਗਈ ਹੈ। ਵੈਦਿਕ ਰਸਮਾਂ ਵੇਦੀ ਦੁਆਲੇ ਕੀਤੀਆਂ ਜਾਂਦੀਆਂ ਸਨ ਜਿਸ ਵਿਚ ਪਵਿੱਤਰ ਅਗਨੀ ਜਲਾਈ ਜਾਂਦੀ ਸੀ। ਵੈਦਿਕ ਧਰਮ ਸਮੇਂ ਅਗਨੀ ਪ੍ਰਮੁੱਖ ਦੇਵਤਾ ਸੀ। ਰਿਗਵੇਦ ਦਾ 5ਵਾਂ ਹਿੱਸਾ ਅਗਨੀ ਦੇਵਤੇ ਦੀ ਉਸਤਤਿ ਵਿਚ ਉਚਾਰੇ ਹੋਏ ਭਜਨਾਂ ਦਾ ਹੈ ਕਿਉਂਕਿ ਅਗਨੀ ਹੀ ਇਕ ਅਜਿਹਾ ਦੇਵਤਾ ਹੈ ਜੋ ਭੇਟਾਵਾਂ ਨੂੰ ਲੈ ਕੇ ਬਾਕੀ ਦੇਵਤਿਆਂ ਤਕ ਪਹੁੰਚਾਉਂਦਾ ਹੈ। ਇਸ ਲਈ ਕੋਈ ਵੀ ਰਸਮ ਸ਼ੁਰੂ ਕਰਨ ਤੋਂ ਪਹਿਲਾਂ ਅਗਨੀ ਦੇਵਤੇ ਨੂੰ ਬੁਲਾਇਆ ਜਾਂਦਾ ਹੈ ਕਿ ਉਹ ਆਵੇ ਤੇ ਦੂਜਿਆਂ ਦੇਵਤਿਆਂ ਨੂੰ ਵੀ ਨਾਲ ਲੈ ਕੇ ਆਵੇ। ਵੇਦੀ ਬਣਾਉਣ ਸਮੇਂ ਵੀ ਖਾਸ ਖਿਆਲ ਰੱਖਿਆ ਜਾਂਦਾ ਹੈ। ਯਜੁਰਵੇਦ ਦਾ ਗਿਆਰ੍ਹਵਾਂ ਅਧਿਆਇ ਅਜਿਹੀ ਜਾਣਕਾਰੀ ਪ੍ਰਦਾਨ ਕਰਦਾ ਹੈ।

ਵੇਦੀ, ਬਲੀਦਾਨ ਦੇਣ ਵਾਲੇ ਦੇ ਘਰ ਵਿਚ ਬਣਾਈ ਜਾਂਦੀ ਹੈ। ਦਿਨ ਵਿਚ ਤਿੰਨ ਵਾਰੀ ਦੁਧ, ਮੱਖਣ, ਅਨਾਜ, ਸ਼ਹਿਦ, ਸੋਮਰਸ ਆਦਿ ਦੀਆਂ ਭੇਟਾਵਾਂ ਪਵਿੱਤਰ ਅਗਨੀ ਨੂੰ ਭੇਂਟ ਕੀਤੀਆਂ ਜਾਂਦੀਆਂ। ਕਈ ਵਾਰ ਘੋੜੇ ਦੀ ਬਲੀ ਦਿੱਤੀ ਜਾਂਦੀ। ਘੋੜੇ ਦੀ ਬਲੀ ਸ਼ਾਹੀ ਢੰਗ ਨਾਲ ਰਾਜੇ ਮਹਾਰਾਜੇ ਅਸ਼ਵਮੇਧ ਯੱਗ ਦੌਰਾਨ ਦਿੰਦੇ ਸਨ। ਸੋਮ ਯੱਗ ਦੇ ਬਲੀਦਾਨ ਸਮੇਂ ਸੋਮਰਸ ਤਿਆਰ ਕੀਤਾ ਜਾਂਦਾ। ਸੋਮ ਇਕ ਬੂਟੀ ਹੁੰਦੀ ਸੀ ਜਿਸ ਨੂੰ ਪੱਥਰਾਂ ਨਾਲ ਰਗੜ ਕੇ ਰਸ ਕਢਿਆ ਜਾਂਦਾ ਸੀ ਤੇ ਇਸ ਰਸ ਦਾ ਪਵਿਤਰ ਅਗਨੀ ਨੂੰ ਭੋਗ ਲਗਾਇਆ ਜਾਂਦਾ ਅਤੇ ਭਜਨ ਗਾਉਣ ਪਿਛੋਂ ਪੀਣ ਲਈ ਦਿੱਤਾ ਜਾਂਦਾ। ਸੋਮ ਤੋਂ ਇਲਾਵਾ ਸੁਰ (ਸ਼ਰਾਬ) ਪੀਣ ਦਾ ਵੀ ਵਿਧਾਨ ਸੀ ਕਿਉਂਕਿ ਕਿਹਾ ਜਾਂਦਾ ਹੈ ਕਿ ਇੰਦਰ ਦੇਵਤੇ ਨੂੰ ਵਧੇਰੇ ਸੋਮਰਸ ਪੀਣ ਕਾਰਨ ਬੀਮਾਰੀ ਲਗ ਗਈ ਸੀ ਜਿਸ ਦਾ ਇਲਾਜ਼ ਅਸ਼ਵਨੀ ਨੇ ਸੌਤਰਾਮਣੀ ਯੱਗ ਰਾਹੀਂ ਕੀਤਾ ਸੀ।

ਬਲੀ ਦੀ ਰਸਮ ਪੁਜਾਰੀ ਪੂਰੀ ਕਰਵਾਉਂਦਾ ਜਿਸ ਨੂੰ ਪ੍ਰੋਹਤ ਕਿਹਾ ਜਾਂਦਾ। ਪ੍ਰੋਹਤ ਉਚੇ ਥਾਂ ਤੇ ਬਣੇ ਹੋਏ ਥੜੇ ਉਤੇ ਬੈਠਦਾ। ਰਸਮ ਦੇ ਮੁਕਣ ਤੇ ਪੁਜਾਰੀ ਨੂੰ ਉਪਹਾਰ (ਭੇਟਾ) ਦਿੱਤੇ ਜਾਂਦੇ ਸਨ। ਦੱਛਣਾ ਪਸ਼ੂ, ਅਨਾਜ ਆਦਿ ਦੇ ਰੂਪ ਵਿਚ ਮਿਲਦੀ ਸੀ। ਬਲੀਦਾਨ ਤੋਂ ਭਾਵ ਉਪਚਾਰਾਂ ਦੁਆਰਾ ਦੇਵਤਿਆਂ ਨੂੰ ਖੁਸ਼ ਕਰਨਾ ਸੀ। ਬਲੀ ਇਕ ਅਜਿਹੀ ਰਸਮ ਸੀ ਜਿਸ ਰਾਹੀਂ ਮਨੁੱਖ ਦੇਵਤਿਆਂ ਦੇ ਨੇੜੇ ਪਹੁੰਚਦਾ ਸੀ, ਉਹਨਾਂ ਦੀ ਸ਼ਰਧਾ ਦਾ ਪਾਤਰ ਬਣਦਾ ਸੀ ਮਨੁੱਖ ਤੇ ਦੇਵਤਿਆਂ ਵਿਚਕਾਰ ਸਬੰਧ ਮਿੱਤਰਤਾ ਵਾਲੇ ਬਣਦੇ ਸਨ। ਇਸ ਦੇ ਬਦਲੇ ਵਿਚ ਦੇਵਤੇ ਉਹਨਾਂ ਦੇ ਪਰਿਵਾਰ, ਫਸਲਾਂ ਅਤੇ ਪਸ਼ੂਆਂ ਆਦਿ ਨੂੰ ਠੀਕ ਰਖਦੇ। ਜੇਕਰ ਕੋਈ ਕੁਦਰਤੀ ਘਟਨਾ ਘੱਟ ਜਾਂਦੀ ਤਾਂ ਇਸ ਦਾ ਕਾਰਣ ਦੇਵਤੇ ਦੀ ਨਾਰਾਜ਼ਗੀ ਮੰਨਿਆ ਜਾਂਦਾ ਤੇ ਉਸ ਨੂੰ ਖੁਸ਼ ਕਰਨ ਲਈ ਦੇਵਤੇ ਦੀਆਂ ਮਨ ਭਾਉਂਦੀਆਂ ਭੇਟਾਵਾਂ ਅਰਪਣ ਕਰਕੇ ਪਸ਼ੂ ਦੀ ਬਲੀ ਦਿੱਤੀ ਜਾਂਦੀ। ਯੱਗ ਕਰਨ ਸਮੇਂ ਤੇ ਬਲੀ ਦੇਣ ਸਮੇਂ ਬਹੁਤ ਸਾਵਧਾਨੀਆਂ ਤੋਂ ਕੰਮ ਲਿਆ ਜਾਂਦਾ ਸੀ। ਇਸ ਚੀਜ਼ ਦਾ ਖਾਸ ਖਿਆਲ ਰੱਖਿਆ ਜਾਂਦਾ ਸੀ ਕਿ ਕੋਈ ਊਣਤਾਈ ਨਾ ਰਹਿ ਜਾਵੇ ਜਾਂ ਅਣਜਾਣੇ ਵਿਚ ਕੋਈ ਗਲਤੀ ਨਾ ਹੋ ਜਾਵੇ। ਜੇ ਅਜਿਹਾ ਹੋ ਜਾਂਦਾ ਤਾਂ ਜਿਸ ਉਦੇਸ਼ ਨੂੰ ਮੁੱਖ ਰੱਖ ਕੇ ਯੱਗ ਕੀਤਾ ਜਾਂਦਾ ਸੀ ਉਸ ਤੋਂ ਉਲਟ ਨਤੀਜੇ ਨਿਕਲ ਸਕਦੇ ਸਨ। ਇਸ ਲਈ ਯੱਗ ਜਾਂ ਬਲੀ ਦੇਣ ਸਮੇਂ ਪੂਰਾ ਧਿਆਨ ਰੱਖਿਆ ਜਾਂਦਾ, ਹਰ ਕੰਮ ਸਹੀ ਢੰਗ ਨਾਲ ਕੀਤਾ ਜਾਂਦਾ ਤਾਂ ਕੋਈ ਸ਼ਕਤੀ ਨਹੀਂ ਸੀ ਜੋ ਉਸ ਦੇ ਫਲ ਦੀ ਪ੍ਰਾਪਤੀ ਵਿਚ, ਜਿਸ ਲਈ ਉਹ ਕੀਤਾ ਗਿਆ ਹੈ, ਕੋਈ ਅੜਿਕਾ ਪਾ ਸਕੇ, ਫਲ ਨੂੰ ਰੋਕ ਸਕੇ। ਯੱਗ ਤੇ ਬਲੀ ਦੇਵਤਿਆਂ ਅਤੇ ਮਨੁੱਖਾਂ ਵਿਚਕਾਰ ਸੰਬੰਧਾਂ ਅਤੇ ਮਿਤਰਤਾ ਨੂੰ ਹੋਰ ਚੰਗੇ ਬਣਾਉਣ ਵਿਚ ਅਹਿਮ ਰੋਲ ਅਦਾ ਕਰਦੀਆਂ ਸਨ। ਯੱਗ ਕਰਨਾ ਤੇ ਬਲੀ ਦੇਣਾ ਵੈਦਿਕ ਧਰਮ ਦੀਆਂ ਪ੍ਰਮੁੱਖ ਧਾਰਨਾਵਾਂ ਸਨ। ਯਾਦ ਰੱਖਣ ਯੋਗ ਗੱਲ ਇਹ ਹੈ ਕਿ ਇਸ ਸਮੇਂ ਹੁਣ ਮਨੁੱਖ ਅਤੇ ਪਸ਼ੂਆਂ-ਪੰਛੀਆਂ ਦੀ ਬਲੀ ਦਾ ਰਿਵਾਜ ਨਹੀਂ ਰਿਹਾ। ਜੈਨ ਮੱਤ ਅਤੇ ਬੁੱਧ ਮੱਤ ਨੇ ਪਸ਼ੂ ਬਲੀ ਨੂੰ ਧਰਮ ਦੀ ਥਾਂ ਘੋਰ ਅਪਰਾਧ ਐਲਾਨਿਆ। ਹੌਲੀ ਹੌਲੀ ਬਲੀ ਦੀ ਰਸਮ ਬਹੁਤ ਘਟ ਗਈ ਤਾਂ ਵੀ ਟਾਂਵੇਂ ਟਾਵੇਂ ਥਾਂ ਤੇ ਅਜੇ ਵੀ ਇਹ ਪ੍ਰਚੱਲਿਤ ਹੈ।

ਦਾ ਵਰਨਣ ਹੈ। ਚੌਥੇ ਤੋਂ ਅੱਠਵੇਂ ਅਧਿਆਇ ਤਕ ਸੋਮ ਯੱਗ ਦਾ ਵਰਨਣ ਹੈ। ਸੋਮ ਇਕ ਬੂਟੀ ਦਾ ਨਾਂ ਸੀ ਜਿਸ ਨੂੰ ਪੱਥਰ ਨਾਲ ਕੁੱਟ ਦੇ ਇਸ ਵਿਚੋਂ ਰਸ ਕੱਢ ਲਿਆ ਜਾਂਦਾ ਸੀ ਤੇ ਇਸ ਦੇ ਰਸ ਨੂੰ ਦੁੱਧ ਵਿਚ ਮਿਲਾ ਕੇ ਸਵੇਰ, ਦੁਪਹਿਰ ਅਤੇ ਸ਼ਾਮ ਨੂੰ ਅਗਨੀ ਨੂੰ ਅਹੂਤੀਆਂ ਰਾਹੀਂ ਭੇਟ ਕੀਤਾ ਜਾਂਦਾ ਸੀ। ਇਕ ਦਿਨ ਵਿਚ ਖਤਮ ਹੋਣ ਵਾਲੇ ਯੱਗ ਨੂੰ ਏਕਾਰ ਸੋਮ ਯੱਗ ਆਖਦੇ ਹਨ। ਵੱਡੇ ਯੱਗ ਨੂੰ ਰਜਸੂਯ ਆਖਦੇ ਸਨ। ਇਸ ਯੱਗ ਨੂੰ ਕਰਨ ਦੀਆਂ ਵਿਧੀਆਂ ਦੂਜੇ ਯੱਗਾਂ ਨਾਲੋਂ ਜਟਿਲ ਸਨ। ਇਹਨਾਂ ਦੋਵੇਂ ਯੱਗਾਂ ਨਾਲ ਸੰਬੰਧਿਤ ਮੰਤਰਾਂ ਨੂੰ ਨੌਵੇਂ ਅਤੇ ਦਸਵੇਂ ਅਧਿਆਇ ਵਿਚ ਅੰਕਿਤ ਕੀਤਾ ਗਿਆ ਹੈ। ਯੱਗ ਕਿਸੇ ਨਿਸ਼ਚਿਤ ਮਰਿਆਦਾ ਅਨੁਸਾਰ ਕੀਤੇ ਜਾਂਦੇ ਹਨ। ਜਿਹਨਾਂ ਵਿਚ ਅਗਨੀ ਦੀ ਪੂਜਾ ਅਤੇ ਵੇਦੀ ਦੇ ਨਿਰਮਾਣ ਆਦਿ ਵਲ ਖਾਸ ਧਿਆਨ ਰੱਖਿਆ ਜਾਂਦਾ ਸੀ, ਕਿਉਂਕਿ ਯੱਗ ਕਰਨ ਤੋਂ ਪਹਿਲਾਂ ਅਗਨੀ ਰਾਹੀਂ ਹਵਨ ਕੀਤਾ ਜਾਂਦਾ ਸੀ ਤੇ ਇਹ ਹਵਨ ਵੇਦੀ ਹੇਠ ਹੁੰਦਾ ਸੀ ਤੇ ਅਗਨੀ ਵਿਚ ਦੇਵਤਿਆਂ ਨੂੰ ਭੇਟ ਕੀਤੀਆਂ ਜਾਣ ਵਾਲੀਆਂ ਭੇਟਾਵਾਂ ਪਾਈਆਂ ਜਾਂਦੀਆਂ ਸਨ ਕਿਉਂਕਿ ਰਿਗਵੇਦ ਵਿਚ ਇਹ ਮੰਨਿਆ ਗਿਆ ਹੈ ਕਿ ਅਗਨੀ ਦੇਵਤਾ ਹੀ ਭੇਟਾਵਾਂ ਆਪ ਕਬੂਲ ਕਰਕੇ ਬਾਕੀ ਦੇਵਤਿਆਂ ਤਕ ਪੁਚਾਉਂਦਾ ਹੈ।

ਛੱਬੀਵੇਂ ਤੋਂ ਲੈ ਕੇ ਉੱਣਤੀਵੇਂ ਅਧਿਆਇ ਤਕ ਖਿਲ ਮੰਤਰ ਆਉਂਦੇ ਹਨ। ਇਹਨਾਂ ਵਿਚ ਪਹਿਲੇ ਨਿਸ਼ਚਿਤ ਕੀਤੇ ਯੱਗ ਵਿਧਾਨ ਸਬੰਧੀ ਹੀ ਨਵੇਂ ਮੰਤਰ ਹਨ। ਤੀਹਵਾਂ ਅਧਿਆਇ ਪ੍ਰਸ਼ਮੇਘ ਯੱਗ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇਕੱਤੀਵੇਂ ਅਧਿਆਇ ਤਕ ਸੂਕਤ ਹਨ। ਪ੍ਰਸਿੱਧ ਪੁਰਸ਼ ਸੂਕਤ ਸਬੰਧੀ ਸਾਨੂੰ ਇਥੋਂ ਹੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿਸ ਵਿਚ ਇਕ ਬ੍ਰਹਿਮੰਡੀ ਦੇਵ ਪੁਰਸ਼ ਨੂੰ ਦੇਵਤੇ ਬਲੀ ਚੜ੍ਹਾ ਕੇ ਸੰਸਾਰ ਰਚਨਾ ਕਰਦੇ ਹਨ। ਛੱਤੀ, ਸੈਂਤੀ, ਅਠੱਤੀ, ਉਨਤਾਲੀਵੇਂ ਅਧਿਆਇ ਵਿਚ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ।

ਯੱਗ ਦੇਵਤਿਆਂ ਨੂੰ ਖੁਸ਼ ਕਰਨ ਲਈ ਕੀਤੇ ਜਾਂਦੇ ਸਨ। ਇਹ ਦੇਵਤੇ ਕੁਦਰਤ ਦੀਆਂ ਭਿੰਨ ਭਿੰਨ ਸ਼ਕਤੀਆਂ ਦੀ ਪ੍ਰਤੀਨਿਧਤਾ ਪ੍ਰਗਟ ਕਰਦੇ ਹਨ। ਯੱਗ ਅਤੇ ਅਗਨੀ ਦਾ ਆਪਸੀ ਅਨਿੱਖੜਵਾਂ ਸਬੰਧ ਹੈ। ਯੱਗ ਦੀ ਸਫਲਤਾ ਅਗਨੀ ਉਤੇ ਹੀ ਨਿਰਭਰ ਕਰਦੀ ਹੈ ਕਿਉਂਕਿ ਇਸ ਨੇ ਮਨੁੱਖ ਦੁਆਰਾ ਦਿੱਤੀਆਂ ਭੇਟਾਵਾਂ ਨੂੰ ਬਾਕੀ ਦੇਵਤਿਆਂ ਤਕ ਪੁਚਾਉਣਾ ਹੈ। ਇਸ ਲਈ ਯੱਗ ਕਰਨ ਸਮੇਂ ਤੋਂ ਪਹਿਲਾਂ ਅਗਨੀ ਦੇਵਤੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪ ਵੀ ਆਵੇ ਤੇ ਦੂਜਿਆਂ ਦੇਵਤਿਆਂ ਨੂੰ ਵੀ ਨਾਲ ਲੈ ਕੇ ਆਵੇ। ਇਸ ਨਾਲ ਅਗਨੀ ਨੂੰ ਪ੍ਰੋਹਿਤ ਵੀ ਕਿਹਾ ਗਿਆ ਹੈ। ਲੋਕਾਂ ਦਾ ਇਹ ਵਿਸ਼ਵਾਸ ਸੀ ਕਿ ਧਰਮ ਅਰਥ, ਕਾਮ ਅਤੇ ਮੋਕਸ਼ ਸਭ ਦੀ ਪ੍ਰਾਪਤੀ ਯੱਗਾਂ ਰਾਹੀਂ ਸੰਭਵ ਮੰਨੀ ਜਾਂਦੀ ਸੀ। ਯੱਗ ਸਮੇਂ ਉਚਾਰੇ ਜਾਂਦੇ ਇਕ ਮੰਤਰ ਦਾ ਨਮੂਨਾ ਪੇਸ਼ ਹੈ :

ਹੇ ਸਭ ਦੇ ਪ੍ਰੇਰਨਾ ਸਰੋਤ ਭਗਵਾਨ
ਯੱਗ ਨੂੰ ਪੂਰਨ ਬਣਾਓ।
ਜਜਮਾਨ ਈਸ਼ਵਰੀ ਭਗਤੀ ਨਾਲ ਪ੍ਰੇਰਿਆ ਜਾਵੇ।
ਸਾਡੇ ਅਨਾਜ ਨੂੰ ਹੇ ਸੂਰਜ ਪਵਿਤਰ ਕਰੋ।
ਹੇ ਪਰਜਾਪਤੀ ਮਾਲਕ ਸਾਡੀਆਂ ਭੇਟਾਂ ਸਵੀਕਾਰ ਕਰੋ।
ਹੇ ਭਗਵਾਨ ਅਸੀਂ ਕਰਮ ਕਰਦੇ ਰਹੀਏ।
ਅਸੀਂ ਸੌ ਵਰ੍ਹੇ ਜੀਵਤ ਰਹੀਏ।
ਸਾਨੂੰ ਸ਼ਕਤੀ ਦੇਹ।
ਅਸੀਂ ਸੌ ਵਰ੍ਹੇ ਦੇਖਦੇ ਰਹੀਏ।

ਯਜੁਰਵੇਦ ਸਮੇਂ ਲੋਕ ਇਹ ਪ੍ਰਤੀਤ ਕਰਦੇ ਸਨ ਕਿ ਯੱਗ ਹੋ ਗਿਆ ਤਾਂ ਸਾਡੀਆਂ ਕੀਤੀਆਂ ਪ੍ਰਾਰਥਨਾਵਾਂ ਜ਼ਰੂਰ ਪੂਰਨ ਹੋਣਗੀਆਂ। ਹਜ਼ਾਰਾਂ ਸਾਲ ਬੀਤ ਜਾਣ ਪਿੱਛੋਂ ਵੀ ਇਹ ਪੁਰਾਣੇ ਵਿਚਾਰ ਅੱਜ ਵੀ ਸਾਡੇ ਸਮਾਜ ਵਿਚੋਂ ਖਤਮ ਨਹੀਂ ਹੋਏ। ਅੱਜ ਵੀ ਇਹ ਸਾਡੇ ਸਮਾਜ ਅਤੇ ਸਭਿਆਚਾਰ ਦਾ ਅੰਗ ਬਣ ਕੇ ਸਾਡੇ ਨਾਲ ਚਲਦੇ ਆ ਰਹੇ ਹਨ। ਅੱਜ ਵੀ ਜੇ ਮੀਂਹ ਨਾ ਪਵੇ ਤਾਂ ਲੋਕਾਂ ਦਾ ਵਿਸ਼ਵਾਸ ਹੁੰਦਾ ਹੈ ਕਿ ਇੰਦਰ ਦੇਵਤੇ ਨੂੰ ਖੁਸ਼ ਕਰਨ ਲਈ ਯੱਗ ਕੀਤਾ ਜਾਵੇ ਤਾਂ ਮੀਂਹ ਪੈ ਜਾਵੇਗਾ।

ਪਾਠ ਨੰ. : **1.2 (B)**

## ਵੈਦਿਕ ਮਾਨਤਾਵਾਂ-ਯੱਗ ਅਤੇ ਬਲੀ

ਪਿਛਲੇ ਪਾਠ ਵਿਚ ਆਪਾਂ ਵਿਚਾਰ ਕਰ ਆਏ ਹਾਂ ਕਿ ਚਾਰੇ ਵੇਦਾਂ ਦੇ ਬਹੁਤੇ ਮੰਤਰ ਦੇਵਤਿਆਂ ਨੂੰ ਮੁੱਖ ਰੱਖ ਕੇ ਹੀ ਲਿਖੇ ਗਏ ਹਨ। ਵੇਦਾਂ ਵਿਚੋਂ ਰਿਗਵੇਦ ਨੂੰ ਸਭ ਤੋਂ ਪੁਰਾਣਾ ਵੇਦ ਮੰਨਿਆ ਹੈ। ਰਿਗ ਸ਼ਬਦ ਰਿਕ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਉਸਤਤਿ ਵਿਚ ਰਚੇ ਗਏ। ਵੇਦ ਸ਼ਬਦ ਸੰਸਕ੍ਰਿਤ ਦੇ 'ਵਿਦ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਚਮਕਣਾ ਜਾਂ ਸ਼ੋਭਾ ਪਾਉਣਾ। ਕਿਉਂਕਿ ਉਦੋਂ ਮਨੁੱਖ ਨੇ ਕੁਦਰਤ ਦੀਆਂ ਵੱਖ-ਵੱਖ ਸ਼ਕਤੀਆਂ ਜਿਹਨਾਂ ਨੂੰ ਦੇਖ ਕੇ ਮਨੁੱਖ ਦੀਆਂ ਅੱਖਾਂ ਚਕਾ ਚੌਂਧ ਹੋ ਜਾਂਦੀਆਂ ਸਨ ਜਾਂ ਉਹ ਸ਼ਕਤੀਆਂ ਜਿਹਨਾਂ ਅੱਗੇ ਬੰਦੇ ਦੀ ਕੋਈ ਵਾਹ ਨਹੀਂ ਸੀ ਚਲਦੀ, ਜਿਵੇਂ ਬਿਜਲੀ ਦਾ ਗਰਜਣਾ, ਮੀਂਹ, ਹਨੇਰੀ, ਉਚੇ ਉਚੇ ਪਹਾੜ, ਖੂਨੀ ਜਾਨਵਰ, ਸੂਰਜ ਦੀ ਤਪਸ਼, ਬਦਲਦੀਆਂ ਰੁਤਾਂ ਆਦਿ ਉਹ ਇਹਨਾਂ ਨੂੰ ਵੇਖਦਾ ਤਾਂ ਉਹ ਮਹਿਸੂਸ ਕਰਦਾ ਕਿ ਇਹ ਕੁਦਰਤ ਦੀਆਂ ਵੱਖ ਵੱਖ ਸ਼ਕਤੀਆਂ ਹਨ ਤੇ ਜਦੋਂ ਮਨੁੱਖ ਇਹਨਾਂ ਦੀ ਉਪਾਸਨਾ ਵਲ ਧਿਆਨ ਨਹੀਂ ਦਿੰਦਾ ਤਾਂ ਇਹ ਨਰਾਜ ਹੋ ਜਾਂਦੀਆਂ ਹਨ ਤੇ ਨਰਾਜਗੀ ਵਜੋਂ ਮਨੁੱਖਾਂ ਉੱਤੇ ਕਹਿਰਵਾਨ ਹੁੰਦੀਆਂ ਹਨ ਤੇ ਉਹਨਾਂ ਨੂੰ ਦੁੱਖ ਪਹੁੰਚਾਉਂਦੀਆਂ ਹਨ। ਇਸ ਤੋਂ ਮਨੁੱਖ ਇਹ ਅੰਦਾਜਾ ਲਗਾ ਲੈਂਦਾ ਹੈ ਕਿ ਇਸ ਸ਼ਕਤੀ ਦਾ ਦੇਵਤਾ ਨਰਾਜ਼ ਹੋ ਗਿਆ ਹੈ ਇਸ ਲਈ ਉਸ ਨੂੰ ਮਨਾਉਣ ਲਈ ਉਪਰਾਲੇ ਕੀਤੇ ਜਾਂਦੇ ਹਨ ਜਿਵੇਂ ਵਰਖਾ ਦਾ ਨਾ ਹੋਣਾ ਇੰਦਰ ਦੇਵਤੇ ਦੀ ਕਰੋਪੀ ਸਮਝੀ ਜਾਂਦੀ ਸੀ।

ਅਸਲ ਵਿਚ ਇਸ ਸਭ ਕੁਝ ਦਾ ਕਾਰਨ ਭੈਅ ਸੀ। ਉਸ ਨੂੰ ਹਮੇਸ਼ਾ ਇਹ ਡਰ ਬਣਿਆ ਰਹਿੰਦਾ ਕਿ ਕੋਈ ਕੁਦਰਤੀ ਸ਼ਕਤੀ ਨਾਰਾਜ ਨਾ ਹੋ ਜਾਵੇ। ਉਸ ਦੀ ਨਰਾਜ਼ਗੀ ਤੋਂ ਕਿਸ ਤਰ੍ਹਾਂ ਬਚਿਆ ਜਾਵੇ, ਜੇ ਉਹ ਪ੍ਰਕੋਪ ਹੋ ਵੀ ਗਈ ਤਾਂ ਉਸ ਦਾ ਪ੍ਰਕੋਪ ਕਿਸ ਤਰ੍ਹਾਂ ਘੱਟ ਕੀਤਾ ਜਾਵੇ, ਉਸ ਨੂੰ ਕਿਵੇਂ ਖੁਸ਼ ਕੀਤਾ ਜਾਵੇ। ਇਥੋਂ ਹੀ ਦੇਵ ਪੂਜਾ ਦਾ ਕੰਮ ਆਰੰਭ ਹੋਇਆ ਕਿਉਂਕਿ ਮਨੁੱਖ ਨੇ ਕੁਦਰਤ ਦੀਆਂ ਵੱਖ ਵੱਖ ਸ਼ਕਤੀਆਂ ਨੂੰ ਵੱਖ ਵੱਖ ਦੇਵਤਿਆਂ ਵਿਚ ਵੰਡ ਲਿਆ। ਹਰ ਸ਼ਕਤੀ ਦਾ ਵੱਖ ਦੇਵਤਾ ਘੜ ਲਿਆ ਗਿਆ ਤੇ ਹਰ ਦੇਵਤੇ ਲਈ ਕੁਝ ਖਾਸ ਭਜਨ ਘੜ ਲਏ ਗਏ। ਮਨੁੱਖ ਦੇਵਤਿਆਂ ਨੂੰ ਖੁਸ਼ ਕਰਨ ਲਈ ਉਹਨਾਂ ਦੇ ਮੰਤਰਾਂ ਦਾ ਜਾਪ ਕਰਦਾ, ਉਹਨਾਂ ਨੂੰ ਮਨ ਭਾਉਂਦੀਆਂ ਭੇਟਾਵਾਂ ਅਰਪਣ ਕਰਦਾ ਤਾਂ ਕਿ ਦੇਵਤਿਆਂ ਦੇ ਪਰਕੋਪ ਤੋਂ ਬਚਿਆ ਜਾ ਸਕੇ ਤੇ ਦੇਵਤੇ ਖੁਸ਼ ਹੋ ਕੇ ਮਨ ਭਾਉਂਦੀਆਂ ਇਛਾਵਾਂ ਪੂਰਨ ਕਰਨ। ਇਸ ਤਰ੍ਹਾਂ ਰਿਗਵੇਦ ਵਿਚ ਬਹੁਤੇ ਅਜਿਹੇ ਮੰਤਰ ਹੀ ਹਨ ਜੋ ਵੱਖ ਵੱਖ ਦੇਵਤਿਆਂ ਨੂੰ ਸੰਬੋਧਿਤ ਕਰਕੇ ਲਿਖੇ ਗਏ ਹਨ।

ਵੇਦਾਂ ਵਿਚ ਜਿਥੇ ਰਿਗਵੇਦ ਦੇ ਬਹੁਤ ਮੰਤਰ ਦੇਵਤਿਆਂ ਦੀ ਉਪਾਸਨਾ ਵਿਚ ਉਚਾਰੇ ਹੋਏ ਹਨ, ਉਥੇ ਯਜੁਰਵੇਦ ਵਿਚ ਯੱਗ ਕਰਨ ਅਤੇ ਬਲੀ ਦੇਣ ਆਦਿ ਦਾ ਵਰਣਨ ਹੈ। ਯਜੁਰ ਸ਼ਬਦ ਯੁਜ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਯੱਗ ਕਰਨਾ, ਪੂਜਾ ਕਰਨਾ। ਇਸ ਤਰ੍ਹਾਂ ਯਜੁਰਵੇਦ ਉਹਨਾਂ ਕਰਮਕਾਂਡਾਂ ਨੂੰ ਦਰਸਾਉਂਦਾ ਹੈ ਜਿਹੜੇ ਯੱਗ ਕਰਨ ਜਾਂ ਬਲੀ ਦੇਣ ਨਾਲ ਸਬੰਧਿਤ ਹਨ। ਯਜੁਰਵੇਦ ਦੇ 40 ਅਧਿਆਇ ਹਨ। ਇਹ 40 ਅਧਿਆਇ ਅੱਗੇ ਦੋ ਭਾਗਾਂ ਸ਼ੁਕਲ ਅਤੇ ਕ੍ਰਿਸ਼ਨ ਵਿਚ ਵੰਡੇ ਹੋਏ ਹਨ। ਸ਼ੁਕਲ ਵਿਚ 1975 ਅਤੇ ਕ੍ਰਿਸ਼ਨ ਵਿਚ 2198 ਮੰਤਰ ਹਨ।

**ਯੱਗ** : ਯਜੁਰਵੇਦ ਸਮੇਂ ਯੱਗ ਕਰਨ ਦੀ ਖਾਸ ਮਹਾਨਤਾ ਸੀ। ਯਜੁਰਵੇਦ ਦੇ ਬਹੁਤੇ ਮੰਤਰ ਯੱਗ ਕਰਨ ਨਾਲ ਸੰਬੰਧਿਤ ਜਾਣਕਾਰੀ ਨਾਲ ਭਰਪੂਰ ਹਨ। ਯੱਗ ਕਿੰਨੇ ਪ੍ਰਕਾਰ ਦਾ ਹੁੰਦਾ ਹੈ। ਹਰ ਯੱਗ ਲਈ ਕੀ ਕੀ ਸਮੱਗਰੀ ਦੀ ਲੋੜ ਹੈ, ਵੇਦੀ ਕਿਵੇਂ ਬਣਾਉਣੀ ਹੈ ਆਦਿ ਜਾਣਕਾਰੀ ਯਜੁਰਵੇਦ ਹੀ ਪ੍ਰਦਾਨ ਕਰਦਾ ਹੈ।

ਯਜੁਰਵੇਦ ਦੇ ਪਹਿਲੇ ਦੋ ਅਧਿਆਵਾਂ ਵਿਚ ਪੂਰਨਮਾਸ਼ੀ ਦੇ ਇਕ ਦਿਨ ਪੂਰੀਆਂ ਹੋਣ ਵਾਲੀਆਂ ਮਨੁੱਖੀ ਕਾਮਨਾਵਾਂ ਦਾ ਵਰਨਣ ਹੈ। ਤੀਜੇ ਅਧਿਆਇ ਵਿਚ ਚਾਰ ਮਹੀਨੇ ਵਿਚ ਪੂਰੇ ਹੋਣ ਵਾਲੇ ਯੱਗਾਂ ਦੀਆਂ ਰੀਤਾਂ

ਪਾਠ ਨੰ. : **1.3**

## ਭਗਵਾਨ ਮਹਾਂਵੀਰ ਦਾ ਜੀਵਨ ਅਤੇ ਸਿੱਖਿਆਵਾਂ

ਰੂਪ-ਰੇਖਾ:

1.3.1 ਉਦੇਸ਼
1.3.2 ਭੂਮਿਕਾ
1.3.3 ਜਨਮ ਅਤੇ ਬਚਪਨ
1.3.4 ਵਿਆਹ
1.3.5 ਤਿਆਗ
1.3.6 ਤਪੱਸਿਆ
1.3.7 ਮੌਤ
1.3.8 ਸਿੱਖਿਆਵਾਂ
1.3.9 ਸਿੱਟਾ
1.3.10 ਅਭਿਆਸ ਲਈ ਪ੍ਰਸ਼ਨ
1.3.11 ਸਹਾਇਕ ਪੁਸਤਕਾਂ

**1.3.1 ਉਦੇਸ਼** :– ਜੈਨ ਧਰਮ ਦੇ ਮੁੱਖ ਸੰਸਥਾਪਕ ਮਹਾਵੀਰ ਦੇ ਜਨਮ, ਬਚਪਨ, ਵਿਆਹ, ਤਿਆਗ, ਤਪੱਸਿਆ, ਗਿਆਨ ਅਤੇ ਮੌਤ ਬਾਰੇ ਇਸ ਪਾਠ ਵਿੱਚ ਦੱਸਿਆ ਜਾਵੇਗਾ। ਇਸ ਨਾਲ ਵਿਦਿਆਰਥੀਆਂ ਨੂੰ ਜੈਨ ਧਰਮ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ।

**1.3.2 ਭੂਮਿਕਾ** :– ਜੈਨ ਧਰਮ ਭਾਰਤ ਦੇ ਪ੍ਰਾਚੀਨ ਧਰਮਾਂ ਵਿਚੋਂ ਇਕ ਹੈ। ਇਸ ਧਰਮ ਦੇ ਆਚਾਰਿਆ ਇਸ ਧਰਮ ਨੂੰ ਆਤਮਾ ਜਿੰਨਾ ਪੁਰਾਣਾ ਮੰਨਦੇ ਹਨ। ਜਿਵੇਂ ਆਤਮਾ ਅਨਾਦਿ ਹੈ, ਉਸੇ ਤਰ੍ਹਾਂ ਜੈਨ ਧਰਮ ਪ੍ਰੰਪਰਾ ਵੀ ਅਨਾਦਿ ਹੈ। ਸੰਸਾਰ ਅਨਾਦਿ ਹੈ, ਅਨੰਤ ਹੈ। ਸੰਸਾਰ ਦੇ ਇਕ ਖੰਡ ਦਾ ਨਾਂ ਭਾਰਤ ਹੈ, ਜਿਥੇ ਸਮੇਂ ਸਮੇਂ 24 ਤੀਰਥੰਕਰਾਂ ਨੇ ਜਨਮ ਲਿਆ ਤੇ ਲੋਕਾ ਨੂੰ ਅਹਿੰਸਾ, ਸੱਚ, ਸੰਜਮ ਤੇ ਤਪ ਆਦਿ ਦਾ ਰਾਹ ਦਿਖਾਇਆ। ਤੀਰਥੰਕਰ ਸ਼ਬਦ ਜੈਨ ਧਰਮ ਦਾ ਪਰਿਭਾਸ਼ਿਕ ਸ਼ਬਦ ਹੈ ਜੋ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਜੈਨ ਪ੍ਰੰਪਰਾ ਅਨੁਸਾਰ ਤੀਰ ਦਾ ਅਰਥ ਹੈ 'ਧਰਮ ਸ਼ਾਸਨ'। ਜੋ ਸੰਸਾਰ ਰੂਪੀ ਭਵ ਸਾਗਰ ਨੂੰ ਪਾਰ ਕਰਨ ਲਈ ਧਰਮ ਰੂਪੀ ਸ਼ਾਸਨ ਦੀ ਸਥਾਪਨਾ ਕਰਦੇ ਹਨ, ਉਹ ਤੀਰਥੰਕਰ ਅਖਵਾਉਂਦੇ ਹਨ।

ਸੰਸਕ੍ਰਿਤ ਸਾਹਿਤ ਵਿਚ ਤੀਰ ਸ਼ਬਦ ਪੁਲ ਲਈ ਵਰਤਿਆ ਗਿਆ ਅਤੇ ਥੰਕਰ ਬਣਾਉਣ ਵਾਲਾ, ਜਿਵੇਂ ਜੇ ਪੁਲ ਬਣਿਆ ਹੋਵੇ ਤਾਂ ਕਮਜ਼ੋਰ ਮਨੁੱਖ ਵੀ ਨਦੀ ਪਾਰ ਕਰ ਸਕਦਾ ਹੈ। ਇਸੇ ਤਰ੍ਹਾਂ ਤੀਰਥੰਕਰਾਂ ਨੂੰ ਧਰਮ ਦੀ ਸਥਾਪਨਾ ਕਰਨ ਵਾਲਾ, ਸੰਸਾਰ ਰੂਪੀ ਭਵ-ਸਾਗਰ ਨੂੰ ਪਾਰ ਲੰਘਾਉਣ ਵਾਲਾ ਮੰਨਿਆ ਜਾਂਦਾ ਹੈ। ਤੀਰਥੰਕਰ ਜੈਨ ਪਰੰਪਰਾ ਅਨੁਸਾਰ ਆਤਮਾ ਦੀ ਸਰਵਉੱਚ ਸਥਿਤੀ ਦਾ ਨਾਂ ਹੈ। ਤੀਰਥੰਕਰ ਅਵਤਾਰ

ਨਹੀਂ ਹੁੰਦੇ ਪਰ ਆਤਮਾ ਦੇ ਵਿਕਾਸ ਦੀ ਇਸ ਤੋਂ ਅੱਗੇ ਕੋਈ ਹੱਦ ਨਹੀਂ। ਇਹ ਆਮ ਮਨੁੱਖ ਵਾਂਗੂੰ ਹੁੰਦੇ ਹਨ ਪਰ ਪਿਛਲੇ ਜਨਮਾਂ ਦੀ ਕਮਾਈ, ਸਾਧਨਾ, ਭਗਤੀ ਅਤੇ ਮਹਾਂਪੁਰਖਾਂ ਦੀ ਸੰਗਤ ਸਦਕਾ ਇਨ੍ਹਾਂ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਹ ਹਮੇਸ਼ਾਂ ਰਾਜ ਵੰਸ਼ ਵਿਚ ਜਨਮ ਲੈਂਦੇ ਹਨ ਤੇ ਇਨ੍ਹਾਂ ਦੀਆਂ ਮਾਤਾਵਾਂ ਇਨ੍ਹਾਂ ਦੇ ਜਨਮ ਤੋਂ ਪਹਿਲਾਂ 14 ਹਸੀਨ ਸੁਪਨੇ ਵੇਖਦੀਆਂ ਹਨ। ਸਾਰੇ ਤੀਰਥੰਕਾਰ ਬਿਨਾਂ ਗੁਰੂ ਤੋਂ ਸਾਧੂ ਜੀਵਨ ਬਤੀਤ ਕਰਦੇ ਹਨ। ਤੀਰਥੰਕਰ ਆਮ ਤੌਰ ਤੇ ਲੋਕ ਭਾਸ਼ਾ ਵਿਚ ਆਪਣਾ ਉਪਦੇਸ਼ ਦਿੰਦੇ ਹਨ। ਜੈਨ ਪਰੰਪਰਾ ਅਨੁਸਾਰ ਸੰਸਾਰ ਵਿਚ ਘੱਟੋ ਘੱਟ 4 ਅਤੇ ਵੱਧ ਤੋਂ ਵੱਧ 170 ਤੀਰਥੰਕਰ ਜਨਮ ਲੈ ਸਕਦੇ ਹਨ।

ਭਾਰਤ ਦੇ ਪ੍ਰਾਚੀਨ ਧਰਮ ਦਾ ਆਧਾਰ ਵੇਦ ਰਹੇ ਹਨ। ਪਰ ਜੈਨ ਧਰਮ ਆਪਣੇ ਆਪ ਨੂੰ ਵੇਦਾਂ ਤੋਂ ਵੀ ਪੁਰਾਣਾ ਮੰਨਦਾ ਹੈ ਤੇ ਵੇਦਾਂ ਵਿਚ ਇਸ ਧਰਮ ਸਬੰਧੀ ਕਈ ਹਵਾਲੇ ਆਏ ਹਨ। ਡਾ. ਰਾਜ ਕੁਮਾਰ ਜੈਨ ਆਪਣੇ ਇਕ ਲੇਖ 'ਪ੍ਰਾਚੀਨ ਮਾਨਤਾਵਾਂ' ਵਿਚ ਭਗਵਾਨ ਸ਼ਿਵ ਅਤੇ ਰਿਸ਼ਭਦੇਵ ਨੂੰ ਇਕੋ ਹੀ ਮੰਨਦਾ ਹੈ। ਸ਼ਿਵ ਪੁਰਾਣ ਵਿਚ ਵੀ ਭਗਵਾਨ ਰਿਸ਼ਭਵੇਦ ਸੰਬੰਧੀ ਸੰਕੇਤ ਮਿਲਦੇ ਹਨ। ਇਸ ਤਰ੍ਹਾਂ ਇਸ ਧਰਮ ਦੇ ਅਚਾਰੀਆਂ ਜੈਨ ਧਰਮ ਨੂੰ ਆਤਮਾ ਜਿੰਨਾਂ ਪੁਰਾਣਾ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿਉਂਕਿ ਜੈਨ ਧਰਮ ਦਾ ਮੁੱਢ ਭਗਵਾਨ ਮਹਾਂਵੀਰ ਤੋਂ ਨਹੀਂ ਸਗੋਂ ਹਜ਼ਾਰਾਂ ਸਾਲ ਪਹਿਲੇ ਹੋਏ ਭਗਵਾਨ ਰਿਸ਼ਭਦੇਵ ਤੋਂ ਮੰਨਿਆ ਜਾਂਦਾ ਹੈ। ਭਗਵਾਨ ਰਿਸ਼ਭਦੇਵ ਜੈਨ ਧਰਮ ਦਾ ਮੋਢੀ ਹੀ ਨਹੀਂ ਸਗੋਂ ਮਹਾਨ ਸੁਧਾਰਕ ਸੀ। ਉਹ ਜੈਨ ਧਰਮ ਦੇ 24 ਤੀਰਥੰਕਰਾਂ ਵਿਚੋਂ ਪਹਿਲਾ ਸੀ। ਭਾਰਤੀ ਮਿਥਿਹਾਸ ਪਰੰਪਰਾ ਦੇ ਚਾਰ ਯੁਗਾਂ ਵਿਚੋਂ ਪਹਿਲੇ ਸਤਿਯੁਗ ਤੇ ਅੰਤ ਵਿਚ ਭਗਵਾਨ ਰਿਸ਼ਭਦੇਵ ਜੀ ਹੋਏ ਮੰਨੇ ਜਾਂਦੇ ਹਨ। ਇਸ ਪਿਛੋਂ 23 ਹੋਰ ਤੀਰਥੰਕਰ ਹੋਏ ਅਤੇ ਆਖਿਰ 24ਵੇਂ ਤੀਰਥੰਕਰ ਭਗਵਾਨ ਮਹਾਂਵੀਰ ਜੀ ਸਨ। ਇਸ ਮਤ ਦਾ ਪੁਰਾਣਾ ਨਾਂ ਨਿਰਗ੍ਰੰਥ ਜਾਂ ਅਰਹਤ ਹੈ। ਜੈਨ ਸ਼ਬਦ ਦੀ ਵਰਤੋਂ ਮਹਾਂਵੀਰ ਤੋਂ ਸ਼ੁਰੂ ਹੋਈ ਕਿਉਂਕਿ ਮਹਾਂਵੀਰ ਨੂੰ 'ਜਿਨ' ਅਰਥਾਤ ਆਪਣੇ ਆਪ ਤੇ ਜਿੱਤ ਪਾਉਣ ਵਾਲਾ ਕਿਹਾ ਜਾਂਦਾ ਹੈ। ਇਸ ਲਈ ਜਿਨ ਮਤ ਨੂੰ ਮੰਨਣ ਵਾਲੇ ਜੈਨ ਅਖਵਾਏ।

ਭਾਰਤ ਦੀ ਫਿਲਾਸਫੀ ਦਾ ਆਧਾਰ ਧਰਮ ਹੈ ਤੇ ਧਰਮ ਦਾ ਆਧਾਰ ਤਿਆਗ। ਇਥੇ ਕਈ ਅਜਿਹੇ ਮਹਾਤਮਾਵਾਂ ਨੇ ਜਨਮ ਲਿਆ ਜਿਨ੍ਹਾਂ ਪਾਸ ਸੰਸਾਰ ਦੇ ਸਾਰੇ ਸੁੱਖ ਸਨ ਤੇ ਉਹ ਸਾਰਾ ਜੀਵਨ ਸੁੱਖਾਂ ਨਾਲ ਭਰਪੂਰ ਗੁਜ਼ਾਰ ਸਕਦੇ ਸਨ। ਪਰ ਉਨ੍ਹਾਂ ਦੇਖਿਆ ਕਿ ਅਜਿਹੇ ਸੁਖਦਾਈ ਜੀਵਨ ਨੂੰ ਵੀ ਅੰਤ ਵਿਚ ਮੌਤ, ਦੁੱਖ ਆ ਘੇਰਦੇ ਹਨ। ਇਹ ਦੁੱਖ ਕੀ ਹਨ ਤੇ ਇਨ੍ਹਾਂ ਤੋਂ ਕਿਵੇਂ ਛੁਟਕਾਰਾ ਪਾਇਆ ਜਾ ਸਕਦਾ ਹੈ ਇਸ ਸੋਚ ਨੇ ਕਈ ਰਾਜਕੁਮਾਰਾਂ ਨੂੰ ਮਹਿਲਾਂ, ਰਾਜ ਭਾਗ ਦੇ ਸੁੱਖ ਤਿਆਗ ਕੇ ਸਾਧੂਆਂ ਵਾਲਾ ਕਠਿਨ ਤਪ ਵਾਲਾ ਜੀਵਨ ਬਤੀਤ ਕਰਨ ਲਈ ਮਜ਼ਬੂਰ ਕੀਤਾ। ਇਨ੍ਹਾਂ ਵਿਚੋਂ ਭਗਵਾਨ ਮਹਾਂਵੀਰ ਅਤੇ ਗੌਤਮ ਬੁੱਧ ਇਕ ਸਨ ਜਿਨ੍ਹਾਂ ਨੇ ਮਹਿਲਾਂ ਦਾ ਮੋਹ, ਪਤਨੀ ਅਤੇ ਬੱਚਿਆਂ ਦਾ ਪਿਆਰ, ਸੰਸਾਰਿਕ ਸੁਖ ਤਿਆਗ ਕੇ ਜਨ ਸਮੂਹ ਦੇ ਕਲਿਆਣ ਲਈ ਬਿਖੜਾ ਪੈਂਡਾ ਚੁਣਿਆ, ਜਿਸ ਨੇ ਇਨ੍ਹਾਂ ਦੇ ਨਾਂ ਨੂੰ ਸਦਾ ਲਈ ਸੰਸਾਰ ਵਿਚ ਅਮਰ ਕਰ ਦਿੱਤਾ ਹੈ।

**1.3.3 ਜਨਮ ਅਤੇ ਬਚਪਨ :-** ਜੈਨ ਧਰਮ ਦੇ 24ਵੇਂ ਤੀਰਥੰਕਾਰ ਭਗਵਾਨ ਵਰਧਮਾਨ ਮਹਾਂਵੀਰ ਜੀ ਹੋਏ ਜਿਨ੍ਹਾਂ ਦਾ ਜਨਮ 599 ਈ. ਪੂ. ਵੈਸ਼ਾਲੀ ਦੇ ਕੁੰਡ ਗ੍ਰਾਮ ਦੇ ਸਥਾਨ ਤੇ ਰਾਜਾ ਸਿਧਾਰਥ ਦੇ ਘਰ ਮਾਤਾ ਤ੍ਰਿਸ਼ਲਾ ਦੀ ਕੁੱਖੋਂ ਹੋਇਆ। ਇਸ ਸੰਬੰਧੀ ਇਤਿਹਾਸਕ ਸਮੱਗਰੀ 45 ਆਗਮਾਂ ਵਿਚੋਂ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਸਵੇਤਾਂਬਰ ਅਤੇ ਦਿਗੰਬਰ ਸਾਹਿਤ ਦੇ ਸੁਤੰਤਰ ਗ੍ਰੰਥ ਆਪ ਦਾ ਜੀਵਨ ਚਿਤਰਦੇ ਹਨ। ਮਹਾਂਵੀਰ ਦਾ ਨਾਮ ਵਰਧਮਾਨ ਰੱਖਿਆ ਗਿਆ। ਅਸਲ ਵਿਚ ਉਸ ਦਾ ਨਾਮ ਤਾਂ ਵਰਧਮਾਨ ਸੀ, ਮਹਾਂਵੀਰ ਤਾਂ ਉਸ ਦੇ ਨਾਮ ਨਾਲ ਲਗੀ ਉਪਾਧੀ ਹੈ ਜਿਸ ਦਾ ਅਰਥ ਹੈ ਮਹਾਨ ਯੋਧਾ। ਜਿਸ ਨੇ ਸਭ ਤੇ ਜਿੱਤ

ਪ੍ਰਾਪਤ ਕਰ ਲਈ ਹੋਵੇ। ਜਿਵੇਂ ਮਹਾਤਮਾ ਬੁੱਧ ਦਾ ਨਾਂ ਤਾਂ ਗੌਤਮ ਸੀ ਬੁੱਧ ਉਸ ਦੇ ਨਾਮ ਨਾਲ ਲਗੀ ਹੋਈ ਉਪਾਧੀ ਹੈ। ਬੁੱਧ ਦਾ ਅਰਥ ਹੈ ਜੋ ਸਭ ਕੁਝ ਦਾ ਗਿਆਤਾ ਹੋਵੇ (ਮਹਾਨ, ਬੁਧੀਮਾਨ)। ਰਾਜਾ ਸਿਧਾਰਥ ਵੈਸ਼ਾਲੀ ਨਾਂ ਦੀ ਇਕ ਛੋਟੀ ਰਿਆਸਤ ਦਾ ਰਾਜਾ ਸੀ ਜੋ ਆਪਣੀ ਇਮਾਨਦਾਰੀ, ਇਨਸਾਫ਼ ਪਸੰਦ, ਧਾਰਮਿਕ ਪ੍ਰਵਿਰਤੀ ਕਾਰਨ ਪ੍ਰਸਿਧ ਸੀ। ਮਾਤਾ ਤ੍ਰਿਸ਼ਲਾ ਵੀ ਇਕ ਚੰਗੇ ਰਾਜ ਘਰਾਣੇ ਦੀ ਤੇ ਉਸ ਦਾ ਭਰਾ ਚੇਤਕ ਉਸ ਸਮੇਂ ਦਾ ਪ੍ਰਸਿੱਧ ਹਾਕਮ ਸੀ। ਇਸ ਤਰ੍ਹਾਂ ਭਗਵਾਨ ਵਰਧਮਾਨ ਦਾ ਜਨਮ ਇਕ ਚੰਗੇ ਰਾਜਸੀ ਪਰਿਵਾਰ ਵਿਚ ਹੋਇਆ।

ਬੱਚੇ ਉਤੇ ਸਭ ਤੋਂ ਵੱਡਾ ਪ੍ਰਭਾਵ ਘਰ ਪਰਿਵਾਰ ਦੇ ਵਾਤਾਵਰਣ ਦਾ ਪੈਂਦਾ ਹੈ। ਸਿਧਾਰਥ ਦੀ ਧਾਰਮਿਕ ਬਿਰਤੀ ਕਾਰਨ ਮਹਿਲ ਵਿਚ ਸਾਧੂ ਮਹਾਤਮਾਵਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ ਸੀ ਜਿਨ੍ਹਾਂ ਦੇ ਪ੍ਰਵਚਨ ਸੁਣਨ ਦਾ ਮੌਕਾ ਵਰਧਮਾਨ ਮਹਾਂਵੀਰ ਨੂੰ ਵੀ ਮਿਲਦਾ। ਸਾਧੂ ਮਹਾਤਮਾ ਜੀਵਨ ਦੀਆਂ ਗੁੰਝਲਾਂ ਦਾ ਹੱਲ ਲੱਭਦੇ ਫਿਰਦੇ ਸਨ ਤੇ ਆਪਣੇ ਮੁਖ ਉਦੇਸ਼ ਮੁਕਤੀ ਨੂੰ ਪਾਉਣ ਲਈ ਵੱਖ-ਵੱਖ ਉਪਾਅ ਦਸਦੇ। ਬਾਲ ਵਰਧਮਾਨ ਵੀ ਮਹਾਨ ਸਾਧੂਆਂ ਦੇ ਪ੍ਰਵਚਨ ਸੁਣਦਾ ਤੇ ਉਨ੍ਹਾਂ ਤੋਂ ਪ੍ਰਭਾਵਿਤ ਹੁੰਦਾ।

ਬਾਲ ਜਿੱਥੇ ਧਾਰਮਿਕ ਬਿਰਤੀ ਦਾ ਮਾਲਕ ਸੀ, ਉਥੇ ਕਸ਼ੱਤਰੀ ਹੋਣ ਕਾਰਨ ਬਹਾਦਰੀ ਵਿਚ ਵੀ ਪਿੱਛੇ ਨਹੀਂ ਸੀ। ਜਿਵੇਂ ਕਿ ਇਕ ਵਾਰ ਜਦੋਂ ਵਰਧਮਾਨ ਮਹਾਂਵੀਰ ਬੱਚਿਆਂ ਸਮੇਤ ਬਾਗ ਵਿਚ ਖੇਡ ਰਿਹਾ ਸੀ ਤਾਂ ਉਥੇ ਅਚਾਨਕ ਇੱਕ ਸੱਪ ਆ ਨਿਕਲਿਆ। ਬੱਚੇ ਇਧਰ ਉਧਰ ਦੌੜਨ ਲੱਗੇ। ਵਰਧਮਾਨ ਮਹਾਂਵੀਰ ਨੇ ਸੱਪ ਨੂੰ ਚੁਪਕੇ ਜਿਹੇ ਪਿਛੋਂ ਪੂਛ ਤੋਂ ਫੜਿਆ ਤੇ ਘੁਮਾ ਕੇ ਦੂਰ ਝਾੜੀਆਂ ਵਿਚ ਸੁੱਟ ਦਿੱਤਾ। ਬੱਚੇ ਨੂੰ ਹਰ ਪ੍ਰਕਾਰ ਦੀ ਸ਼ਾਸਤਰ ਤੇ ਸਾਸ਼ਤਰ ਵਿਦਿਆ ਦਿੱਤੀ ਗਈ। ਯੋਗ ਅਧਿਆਪਕਾਂ ਨੇ ਬੱਚੇ ਦਾ ਮਾਰਗ ਦਰਸ਼ਨ ਕੀਤਾ।

**1.3.4 ਵਿਆਹ** : ਵਿਦਿਆ ਪ੍ਰਾਪਤੀ ਉਪਰੰਤ ਜਦੋਂ ਬਾਲ ਵੱਡਾ ਹੋਇਆ, ਤਦ ਉਹ ਬਹੁਤ ਹੀ ਧਾਰਮਿਕ ਬਿਰਤੀ ਦਾ ਮਾਲਕ ਸੀ। ਮਾਤਾ ਪਿਤਾ ਨੇ ਉਸ ਦੀ ਧਾਰਮਿਕ ਬਿਰਤੀ ਨੂੰ ਘਟਾਉਣ ਤੇ ਸੰਸਾਰਿਕ ਜੀਵਨ ਵਿਚ ਪਾਉਣ ਲਈ ਵਿਆਹ ਕਲਿੰਗ ਦੀ ਰਾਜਕੁਮਾਰੀ ਯਸ਼ੋਧਾ ਨਾਲ ਕਰ ਦਿੱਤਾ, ਜਿਸ ਤੋਂ ਇਕ ਪੁਤਰੀ ਨੇ ਆਪ ਦੇ ਘਰ ਜਨਮ ਲਿਆ ਜਿਸ ਦਾ ਨਾਂ ਬਹੁਤ ਸਾਰੇ ਜੈਨ ਗ੍ਰੰਥਾਂ ਅਨੁਸਾਰ ਪ੍ਰਿਆਦਰਸ਼ਨੀ ਲਿਖਿਆ ਮਿਲਦਾ ਹੈ। ਜੈਨ ਧਰਮ ਦੀ ਦਿਗੰਬਰ ਪ੍ਰੰਪਰਾ ਆਪ ਨੂੰ ਬ੍ਰਹਮਚਾਰੀ ਮੰਨਦੀ ਹੈ। ਆਪ ਬਚਪਨ ਤੋਂ ਬਹਾਦਰ ਸਨ ਅਤੇ ਧਾਰਮਿਕ ਖੇਤਰ ਵਿਚ ਕ੍ਰਾਂਤੀਕਾਰੀ ਯੋਧੇ ਸਨ। ਆਪ ਨੇ ਉਸ ਸਮੇਂ ਦੀਆਂ ਸਮਾਜਿਕ ਬੁਰਾਈਆਂ, ਜਿਵੇਂ ਜਾਤਪਾਤ, ਪਸ਼ੂ ਬਲੀ, ਛੂਆ-ਛਾਤ, ਦਾਜ-ਪ੍ਰਥਾ ਅਤੇ ਇਸਤਰੀ ਦੀ ਦੁਰਦਸ਼ਾ ਆਦਿ ਨੂੰ ਜੜੋਂ ਪੁਟਣ ਲਈ ਉਪਰਾਲੇ ਕੀਤੇ।

**1.3.5 ਤਿਆਗ** : ਭਾਵੇਂ ਘਰ ਵਿਚ ਹਰ ਪ੍ਰਕਾਰ ਦੇ ਸੁੱਖ ਆਰਾਮ ਸਨ ਪਰ ਇਨ੍ਹਾਂ ਸੁਖ ਆਰਾਮਾਂ ਦੇ ਬਾਵਜੂਦ ਵੀ ਵਰਧਮਾਨ ਘਰ ਵਿਚ ਖੁਸ਼ ਨਹੀਂ ਸੀ। ਉਸ ਨੂੰ ਤਾਂ ਕਿਸੇ ਹੋਰ ਚੀਜ਼ ਦੀ ਤਲਾਸ਼ ਸੀ। ਜਿਸ ਚੀਜ਼ ਦੀ ਤਲਾਸ਼ ਸੀ ਉਹ ਉਸ ਦੀ ਆਤਮਾ ਨੂੰ ਆਰਾਮ ਨਾਲ ਨਹੀਂ ਸੀ ਬੈਠਣ ਦਿੰਦੀ। ਸਾਧੂਆਂ ਮਹਾਤਮਾਵਾਂ ਤੋਂ ਜ਼ਿੰਦਗੀ ਤੇ ਮੌਤ, ਸੁੱਖ ਤੇ ਦੁੱਖ, ਸਵਰਗ ਤੇ ਨਰਕ, ਇਹ ਮਨੁੱਖ ਕਿਥੋਂ ਆਉਂਦਾ ਹੈ ਤੇ ਮਰਨ ਉਪਰੰਤ ਕਿੱਥੇ ਜਾਂਦਾ ਹੈ, ਆਦਿ ਵਿਚਾਰਾਂ ਨੇ ਉਸ ਦੇ ਮਨ ਵਿਚ ਇਹ ਚਾਅ ਪੈਦਾ ਕੀਤਾ ਕਿ ਅਜਿਹੀਆਂ ਗੱਲਾਂ ਸੁਣਨ ਨਾਲ ਸੰਤੁਸ਼ਟੀ ਨਹੀਂ ਹੁੰਦੀ, ਸਗੋਂ ਇਨ੍ਹਾਂ ਚੀਜ਼ਾਂ ਬਾਰੇ ਸੋਚਣ, ਸਮਝਣ ਤੇ ਇਨ੍ਹਾਂ ਦੇ ਰਹੱਸ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ। ਉਸ ਨੂੰ ਇਕ ਅਜਿਹੀ ਰੋਸ਼ਨੀ ਦੀ ਤਲਾਸ਼ ਸੀ ਜੋ ਉਸਨੂੰ ਇਸ ਅੰਧਕਾਰ ਵਿਚੋਂ ਕੱਢ ਸਕੇ। ਵਾਸ਼ਨਾਵਾਂ ਦਾ ਅੰਧਕਾਰ, ਮਾਇਆ ਦਾ ਅੰਧਕਾਰ, ਅਗਿਆਨਤਾ ਦਾ ਅੰਧਕਾਰ, ਇਸ ਸਭ ਕੁਝ ਤੋਂ ਉਹ ਇਕ ਝਟਕੇ ਵਿਚ ਹੀ ਛੁਟਕਾਰਾ ਪਾਉਣ ਲਈ ਉਤਾਵਲਾ ਸੀ ਤੇ ਉਸ ਮੌਕੇ ਦੀ ਤਲਾਸ਼ ਵਿਚ ਸੀ ਜੋ ਇਸ ਸਭ ਤੋਂ ਆਜ਼ਾਦ ਹੋ ਜਾਵੇ। ਪਰ ਉਹ ਆਪਣੇ ਮਾਤਾ ਪਿਤਾ ਨੂੰ ਆਪਣੇ ਸਾਧੂ ਬਣਨ ਦਾ ਦੁਖ ਨਹੀਂ ਸੀ ਪੁਚਾਉਣਾ

ਚਾਹੁੰਦਾ। ਆਪਣੇ ਮਾਤਾ ਪਿਤਾ ਦੀ ਮੌਤ ਪਿਛੋਂ ਜਦੋਂ ਉਸ ਦੀ ਉਮਰ 28 ਸਾਲਾਂ ਦੀ ਸੀ ਤਾਂ ਇਕ ਸ਼ਾਮੀ ਬਾਗ ਵਿਚ ਟਹਿਲਦੇ ਹੋਏ ਅਚਾਨਕ ਉਸ ਦੇ ਮਨ ਵਿਚ ਸਾਧੂ ਬਣਨ ਦਾ ਵਿਚਾਰ ਆ ਗਿਆ। ਉਸ ਨੇ ਸੰਸਾਰ ਦਾ ਮੋਹ ਤਿਆਗਣ, ਸਭ ਪ੍ਰਕਾਰ ਦੀ ਜ਼ੁੰਮੇਵਾਰੀਆਂ ਤੋਂ ਮੁਕਤ ਹੋਣ ਲਈ ਸਾਧੂ ਜੀਵਨ ਅਪਣਾ ਲਿਆ ਤੇ ਸਾਧੂ ਬਣ ਗਿਆ। ਪਰ ਜਦੋਂ ਘਰ ਜਾ ਕੇ ਵੱਡੇ ਭਰਾ ਨੰਦੀ ਵਰਧਨ ਤੋਂ ਆਗਿਆ ਮੰਗੀ ਤਾਂ ਭਰਾ ਨੇ ਦੋ ਸਾਲ ਹੋਰ ਘਰ ਰਹਿਣ ਲਈ ਕਿਹਾ। ਇਸ ਤਰ੍ਹਾਂ ਆਪ 30 ਸਾਲ ਦੀ ਉਮਰ ਵਿਚ ਵੱਡੇ ਭਰਾ ਦੀ ਆਗਿਆ ਅਨੁਸਾਰ ਰਾਜ ਮਹਿਲ ਦਾ ਸੁਖ ਆਰਾਮ ਤਿਆਗ ਕੇ ਕਠੋਰ ਤਪੱਸਿਆ ਲਈ ਚਲੇ ਗਏ। ਭਾਵੇ ਆਪ ਰਾਜਾ ਸਨ ਅਤੇ ਬੁਰਾਈਆਂ ਨੂੰ ਕਾਨੂੰਨ ਰਾਹੀਂ ਹਟਾ ਸਕਦੇ ਸਨ। ਪਰ ਕਾਨੂੰਨ ਰਾਹੀਂ ਸਰੀਰ ਨੂੰ ਜਿੱਤਿਆ ਜਾ ਸਕਦਾ ਹੈ ਆਤਮਾ ਨੂੰ ਨਹੀਂ, ਸੋ ਆਪ ਸਵੈ-ਪਹਿਚਾਣ ਹਿੱਤ ਜੰਗਲਾਂ ਨੂੰ ਗਏ।

**1.3.6 ਤਪੱਸਿਆ** : ਵਰਧਮਾਨ ਨੇ ਸਾਢੇ ਬਾਰ੍ਹਾਂ ਸਾਲ ਤਕ ਘੋਰ ਤਪੱਸਿਆ ਕੀਤੀ। ਕਈ ਜੈਨ ਅਚਾਰੀਆਂ ਅਨੁਸਾਰ ਭਗਵਾਨ ਮਹਾਂਵੀਰ ਦੀ ਸਾਢੇ 12 ਸਾਲ ਦੀ ਤਪੱਸਿਆ ਬਾਕੀ ਤੀਰਥੰਕਰਾਂ ਦੇ ਬਰਾਬਰ ਤਪੱਸਿਆ ਨਹੀਂ। ਇਸ ਸਾਢੇ 12 ਸਾਲ ਦੀ ਤਪੱਸਿਆ ਦੌਰਾਨ ਉਹ ਬਹੁਤ ਸਾਰੀਆਂ ਮੁਸ਼ਕਲਾਂ ਵਿਚੋਂ ਦੀ ਲੰਘਿਆ, ਉਸ ਨੂੰ ਕਪੜੇ, ਭੋਜਨ ਅਤੇ ਪਾਣੀ ਬਿਨ੍ਹਾਂ ਗੁਜ਼ਾਰਾ ਕਰਨਾ ਪਿਆ। ਅਗਿਆਨੀ ਲੋਕਾਂ ਦੁਆਰਾ ਦਿੱਤੇ ਜਾਂਦੇ ਕਸ਼ਟਾਂ ਨੂੰ ਅਹਿੰਸਾ ਦੁਆਰਾ ਆਪਣੇ ਸਰੀਰ ਉੱਤੇ ਝਲਦਾ ਰਿਹਾ। ਕਦੀ ਜਾਸੂਸ ਸਮਝਿਆ ਜਾਂਦਾ, ਕਦੀ ਤਪੱਸਿਆ ਵਿਚ ਬੈਠੇ ਨੂੰ ਅਗਿਆਨੀ ਲੋਕਾਂ ਦੁਆਰਾ ਤਰ੍ਹਾਂ-ਤਰ੍ਹਾਂ ਦੇ ਕਸ਼ਟ ਦਿੱਤੇ ਜਾਂਦੇ। ਭਗਵਾਨ ਤਾਂ ਖਿਮਾ ਦੇ ਪੁੰਜ ਸਨ। ਉਨ੍ਹਾਂ ਨੇ ਹਮੇਸ਼ਾਂ ਹਰ ਇਕ ਨੂੰ ਮਾਫ ਕੀਤਾ ਅਤੇ ਹਿੰਸਾ ਨਹੀਂ ਸਗੋਂ ਅਹਿੰਸਾ ਦੇ ਹਥਿਆਰ ਨਾਲ ਹਰਾਇਆ।

ਮਹਾਂਵੀਰ ਆਪਣੀ ਮਹਾਨ ਤਪੱਸਿਆ ਨਾਲ ਆਪਣੀ ਆਤਮਿਕ ਮੰਜ਼ਲ ਤੇ ਪੁਜਾ। ਪਰ ਗਿਆਨ, ਪਰਮ ਅੰਤਰ ਦ੍ਰਿਸ਼ਟੀ, ਸਦ-ਆਚਾਰ, ਕਾਮਨਾਵਾਂ ਤੋਂ ਮੁਕਤੀ ਅਤੇ ਅੰਤਿਮ ਮੋਕਸ਼ ਦੇ ਬਿਖਮ ਮਾਰਗ ਤੇ ਚਲ ਕੇ, ਜਿਹੜਾ ਸੱਚਾਈ, ਸੰਜਮ, ਤਪੱਸਿਆ ਅਤੇ ਚੰਗੇ ਆਚਾਰਾਂ ਦਾ ਫਲ ਹੈ, ਉਹ ਇਸ ਮਾਨਯੋਗ ਵਿਅਕਤੀ ਨੇ ਸਾਢੇ 12 ਸਾਲ ਦੀ ਕਠਿਨ ਤਪੱਸਿਆ ਉਪਰੰਤ ਪ੍ਰਾਪਤ ਕੀਤਾ। ਗਰਮੀ ਦੀ ਰੁੱਤ ਦੂਸਰੇ ਮਹੀਨੇ, ਚੌਥੀ ਤਿਥੀ (ਪੰਦਰਵਾੜੇ) ਵੈਸਾਖ ਦੇ ਰੋਸ਼ਨ ਪੱਖ ਵਿਚ, ਮਹੀਨੇ ਦੀ ਦਸਵੀਂ ਤਾਰੀਖ ਨੂੰ ਰਿਜੁਪਾਲਿਕ ਨਦੀ ਕੰਢੇ ਜੁੰਭਿਕ ਨਾਮੀ ਪਿੰਡ ਵਿਚ ਸ਼ਾਮ ਨਾਂ ਦੇ ਜ਼ਿੰਮੀਦਾਰ ਦੇ ਖੇਤਾਂ ਵਿਚ ਸਾਲ ਦੇ ਦਸਖਤ ਹੇਠ ਆਸਣ ਲਾ ਕੇ ਬੈਠ ਗਏ ਜਿਥੇ ਅਚਾਨਕ ਆਪ ਦਾ ਅੰਦਰ ਬਾਹਰ ਪ੍ਰਕਾਸ਼ਵਾਨ ਹੋ ਗਿਆ ਅਤੇ ਆਪ ਨੂੰ ਸੱਚਾ ਗਿਆਨ ਪ੍ਰਾਪਤ ਹੋ ਗਿਆ ਜਿਸ ਨੂੰ ਕੈਵਲਯ ਕਿਹਾ ਗਿਆ ਹੈ, ਕੈਵਲਯ ਦਾ ਅਰਥ ਹੈ ਮੁਕਤੀ। ਇਸ ਸਮੇਂ ਆਪ ਦੀ ਉਮਰ 42 ਸਾਲ ਦੇ ਲਗਭਗ ਸੀ।

ਗਿਆਨ ਪ੍ਰਾਪਤੀ ਉਪਰੰਤ ਆਪ ਨੇ 30 ਸਾਲ ਤਕ ਸਿੰਧ, ਸੋਵਿਰ, ਅਰਥ ਨਕਾਯ, ਕਾਸ਼ੀ, ਕੋਸਲ ਵਿਦੇਹ, ਅੰਗ, ਬੰਗ, ਮਗਧ ਆਦਿ ਵਿਖੇ ਜੈਨ ਸਿਧਾਂਤਾਂ ਦਾ ਪ੍ਰਚਾਰ ਕੀਤਾ। ਆਪ ਦਾ ਪਹਿਲਾ ਉਪਦੇ ਸ਼ ਪਾਵਾਪੁਰੀ ਵਿਖੇ ਮਹਾਂਸੇਨ ਦੇ ਬਗੀਚੇ ਵਿਖੇ ਹੋਇਆ, ਜਿਸ ਨੂੰ ਸੁਣ ਕੇ 4400 ਬ੍ਰਾਹਮਣ ਪਸ਼ੂ ਬਲੀ ਛੱਡ ਕੇ ਆਪ ਦੇ ਸ਼ਿਸ਼ ਹੋ ਗਏ। ਦਿਗੰਬਰ ਪ੍ਰੰਪਰਾ ਆਪ ਦਾ ਪਹਿਲਾ ਉਪਦੇਸ਼ ਰਾਜ ਗ੍ਰਿਹਿ ਦੇ ਪਹਾੜ ਤੇ ਮੰਨਦੀ ਹੈ। ਜੈਨ ਗ੍ਰੰਥਾਂ ਵਿਚ ਅਚਾਰੀਆ ਗੋਸ਼ਾਲ ਆਪ ਦਾ ਪਹਿਲਾ ਚੇਲਾ ਸੀ। ਪਿਛੋਂ ਆਪ ਦਾ ਦਮਾਦ ਜਮਾਲੀ ਵੀ ਆਪ ਦਾ ਚੇਲਾ ਬਣ ਗਿਆ। ਪਰ ਪਿਛੋਂ ਇਹ ਦੋਵੇਂ ਵਿਚਾਰਧਾਰਿਕ ਆਧਾਰ ਕਾਰਣ ਅੱਡ-ਅੱਡ ਹੋ ਗਏ। ਭਗਵਾਨ ਮਹਾਂਵੀਰ ਦੇ ਚੇਲਿਆਂ ਵਿਚ ਹਰ ਵਰਣ, ਭਾਸ਼ਾ, ਜਾਤ ਤੇ ਨਸਲ ਦੇ ਲੋਕ ਸਨ। ਆਪ ਦੇ ਚੇਲਿਆਂ ਵਿਚ ਰਾਜੇ ਤੋਂ ਝੌਂਪੜੀਆਂ ਤੱਕ ਦੇ ਲੋਕ ਸ਼ਾਮਲ ਸਨ ਤੇ ਸਭ ਲਈ ਇਕੋ ਸਥਾਨ ਸੀ।

**1.3.7 ਮੌਤ** : ਮੁਕਤੀ ਦਾ ਚਾਨਣ ਹੋਣ ਉਪਰੰਤ ਉਹ ਥਾਂ ਥਾਂ ਉਪਦੇਸ਼ ਦਿੰਦੇ ਘੁੰਮਦੇ ਫਿਰਦੇ ਰਹਿੰਦੇ। ਅੱਠ

ਮਹੀਨੇ ਉਹ ਭਰਮਣ ਕਰਦੇ ਅਤੇ ਬਰਸਾਤ ਤੇ ਗਰਮੀ ਦੇ ਚਾਰ ਮਹੀਨੇ ਕਿਸੇ ਇਕ ਸ਼ਹਿਰ ਵਿਚ ਇਕ ਥਾਂ ਟਿਕਾਣਾ ਕਰਕੇ ਸ਼ਰਧਾਲੂਆਂ ਨੂੰ ਸਿੱਖਿਆ ਦਿੰਦੇ। ਭਗਵਾਨ ਮਹਾਂਵੀਰ ਦੀ ਮੌਤ 30 ਸਾਲਾਂ ਦੇ ਪ੍ਰਚਾਰ ਪਿੱਛੋਂ 72 ਸਾਲਾਂ ਦੀ ਉਮਰ ਵਿਚ ਪਾਵਾ-ਪੁਰੀ ਵਿਖੇ ਦੀਵਾਲੀ ਵਾਲੇ ਦਿਨ ਹੋਈ ਮੰਨੀ ਜਾਂਦੀ ਹੈ ਜਿਥੇ ਅੱਜ ਵੀ ਆਪ ਦੀ ਯਾਦ ਵਿਚ ਬਣਿਆ 'ਜਲ ਮੰਦਰ' ਆਪ ਦੀਆਂ ਯਾਦਾਂ ਨੂੰ ਤਾਜਾ ਕਰਾਉਂਦਾ ਕਿਹਾ ਹੈ। ਕਿਹਾ ਜਾਂਦਾ ਹੈ ਕਿ ਇਹ ਮੰਦਰ ਆਪ ਦੇ ਭਰਾ ਨੰਦੀ ਵਰਧਨ ਨੇ ਆਪ ਦੀ ਯਾਦ ਵਿਚ ਬਣਾਇਆ ਸੀ।

ਭਗਵਾਨ ਮਹਾਂਵੀਰ ਤੋਂ ਪਹਿਲਾਂ ਭਾਰਤ ਵਿਚ ਹਿੰਦੂ ਧਰਮ ਦਾ ਬੋਲਬਾਲਾ ਸੀ ਜਿਸ ਦਾ ਸਮਾਜ ਚਾਰ ਮੁਖ ਵਰਗਾਂ ਵਿਚ ਵੰਡਿਆ ਹੋਇਆ ਸੀ। ਬ੍ਰਾਹਮਣ ਸਭ ਤੋਂ ਪ੍ਰਧਾਨ ਸਨ, ਪੂਜਾ ਪਾਠ ਤੇ ਪੜ੍ਹਨ ਪੜ੍ਹਾਉਣ ਦਾ ਕੰਮ ਉਨ੍ਹਾਂ ਕੋਲ ਸੀ, ਕਸ਼ਤਰੀ ਦੇਸ਼ ਦੇ ਰੱਖਿਅਕ ਹੁੰਦੇ ਸਨ, ਵੈਸ਼ ਦਾ ਕੰਮ ਸਾਰਿਆਂ ਵਰਗਾਂ ਲਈ ਅੰਨ ਪੈਦਾ ਕਰਨਾ ਸੀ, ਸ਼ੂਦਰ ਸਭ ਦਾ ਸੇਵਕ ਸੀ। ਚਾਰੇ ਪਾਸੇ ਬ੍ਰਾਹਮਣਾਂ ਦਾ ਬੋਲਬਾਲਾ ਸੀ। ਕੇਵਲ ਬ੍ਰਾਹਮਣ ਹੀ ਧਾਰਮਿਕ ਕਰਮ ਨਿਭਾ ਸਕਦੇ ਸਨ। ਹਿੰਦੂ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹੋਣ ਕਾਰਨ ਆਮ ਲੋਕਾਂ ਦੀ ਸਮਝ ਤੋਂ ਬਾਹਰ ਸਨ, ਕੇਵਲ ਬ੍ਰਾਹਮਣ ਹੀ ਪੜ੍ਹਨ ਪੜ੍ਹਾਉਣ ਦਾ ਕਰਮ ਕਰਦੇ ਸਨ। ਚਾਰੇ ਵਰਣਾਂ ਵਿਚੋ ਸ਼ੂਦਰ ਦੀ ਦਸ਼ਾ ਬਹੁਤ ਮਾੜੀ ਸੀ। ਭਗਵਾਨ ਮਹਾਂਵੀਰ ਨੇ ਬ੍ਰਾਹਮਣਾਂ ਦੀ ਉੱਚਤਾ, ਸੰਸਕ੍ਰਿਤ ਦੀ ਪ੍ਰਮਾਣਿਕਤਾ ਜਾਤ ਪਾਤ ਦੇ ਵਰਗ ਵੰਡ ਦੀ ਨਿੰਦਿਆ ਕੀਤੀ।

ਦੂਜਾ, ਭਗਵਾਨ ਮਹਾਂਵੀਰ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਉਹ ਲੋਕਾਂ ਨੂੰ ਪੁਛਦੇ ਸਨ, ਤੁਸੀਂ ਰੱਬ ਵਿਚ ਇਸ ਕਰਕੇ ਵਿਸ਼ਵਾਸ ਕਰਦੇ ਹੋ ਕਿ ਬ੍ਰਾਹਮਣ ਆਖਦੇ ਹਨ ਕਿ ਰੱਬ ਹੈ, ਇਸ ਕਰਕੇ ਕਿਉਂਕਿ ਹਰੇਕ ਵਸਤੂ ਦਾ ਕੋਈ ਸਿਰਜਣਹਾਰ ਹੁੰਦਾ ਹੈ। ਭਗਵਾਨ ਮਹਾਂਵੀਰ ਆਖਿਆ ਕਰਦੇ ਸਨ ਕਿ ਹਰ ਵਸਤੂ ਦਾ ਕੋਈ ਸਿਰਜਣਹਾਰ ਹੈ ਤਾਂ ਪਰਮਾਤਮਾ ਦਾ ਵੀ ਕੋਈ ਸਿਰਜਨਹਾਰ ਜ਼ਰੂਰ ਹੋਵੇ ਗਾ। ਉਹ ਆਪਣੇ ਆਪ ਕਿਵੇਂ ਹੋਂਦ ਵਿਚ ਆ ਗਿਆ? ਜੇ ਤੁਸੀਂ ਆਖਦੇ ਹੋ ਕਿ ਈਸ਼ਵਰ ਆਪਣੇ ਆਪ ਹੋਂਦ ਵਿਚ ਆਇਆ ਹੈ ਤਾਂ ਹੋਰ ਵਸਤੂਆਂ ਵੀ ਆਪਣੇ ਆਪ ਹੋਂਦ ਵਿਚ ਆ ਸਕਦੀਆਂ ਹਨ। ਸੰਸਾਰ ਆਪਣੇ ਆਪ ਹੋਂਦ ਵਿਚ ਆਇਆ ਹੈ, ਇਸ ਦਾ ਕੋਈ ਕਰਤਾ ਨਹੀਂ ਤੇ ਮਾਦਾ ਅਨਾਦੀ ਹੋਣ ਕਰਕੇ ਅਮਰ ਹੈ, ਜੋ ਕਦੀ ਨਸ਼ਟ ਨਹੀਂ ਹੋਵੇਗਾ। ਦ੍ਰਵ ਕੇਵਲ ਰੂਪ ਵਟਾਉਂਦੇ ਹਨ। ਅਸਲ ਵਿਚ ਨਾ ਉਤਪਤੀ ਹੁੰਦੀ ਹੈ ਨਾ ਵਿਨਾਸ਼।

ਇਕ ਘਟਨਾ ਉਨ੍ਹਾਂ ਦੇ ਤਪ ਨਾਲ ਸੰਬੰਧਿਤ ਹੈ। ਜਦੋਂ ਭਗਵਾਨ ਨੇ ਤਪ ਕਰਨ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਨੇ ਆਪਣੇ ਸਭ ਕੀਮਤੀ ਵਸਤਰ, ਜੇਵਰ, ਗਹਿਣੇ ਆਦਿ ਗਰੀਬਾਂ ਲੋੜਵੰਦਾਂ ਨੂੰ ਵੰਡ ਦਿੱਤੇ ਤੇ ਉਨ੍ਹਾਂ ਦੇ ਲੱਕ ਦੁਆਲੇ ਵਲੇਟਿਆ ਇਕ ਕੀਮਤੀ ਸੁੰਦਰ ਵਸਤਰ ਰਹਿ ਗਿਆ। ਕਿਹਾ ਜਾਂਦਾ ਹੈ ਕਿ ਇਹ ਵਸਤਰ ਇੰਦਰ ਦੇਵਤੇ ਨੇ ਖੁਸ਼ ਹੋ ਕਿਸੇ ਸਮੇਂ ਮਹਾਂਵੀਰ ਨੂੰ ਦਿੱਤਾ ਸੀ। ਜਦੋਂ ਭਗਵਾਨ ਮਹਾਂਵੀਰ ਲੋੜਵੰਦਾਂ ਨੂੰ ਜੇਵਰ ਵਸਤਰ ਆਦਿ ਵੰਡ ਰਹੇ ਸਨ ਸੋਮ ਦੱਤ ਨਾਂ ਦਾ ਬ੍ਰਾਹਮਣ ਕੋਈ ਵਸਤੂ ਨਾ ਲੈ ਸਕਿਆ। ਜਦੋਂ ਭਗਵਾਨ ਮਹਾਂਵੀਰ ਪਾਸ ਇਕ ਵਸਤਰ ਹੀ ਰਹਿ ਗਿਆ ਸੀ ਤਾਂ ਉਸ ਸਮੇਂ ਭਗਵਾਨ ਮਹਾਂਵੀਰ ਕੋਲ ਆ ਕੇ ਆਪਣਾ ਦੁੱਖ ਰੋਣ ਲੱਗਾ। ਭਗਵਾਨ ਮਹਾਂਵੀਰ ਨੇ ਤਰਸ ਕਰਕੇ ਅੱਧਾ ਵਸਤਰ ਉਸ ਬ੍ਰਾਹਮਣ ਨੂੰ ਕੱਟ ਕੇ ਦੇ ਦਿੱਤਾ। ਬ੍ਰਾਹਮਣ ਖੁਸ਼ੀ ਖੁਸ਼ੀ ਘਰ ਆਇਆ ਤੇ ਵਸਤਰ ਆਪਣੇ ਇਕ ਜੁਲਾਹੇ ਮਿੱਤਰ ਨੂੰ ਦਿਖਾਉਣ ਲੱਗਾ। ਜੁਲਾਹੇ ਨੇ ਕਿਹਾ ਕਿ ਇਸ ਕੀਮਤੀ ਵਸਤਰ ਦਾ ਜਿਸ ਸਮੇਂ ਤੱਕ ਇਸ ਦੇ ਨਾਲ ਦਾ ਹਿੱਸਾ ਨਹੀਂ ਲਿਆਉਂਦੇ, ਉਦੋਂ ਤੱਕ ਇਸ ਦਾ ਕੋਈ ਲਾਭ ਨਹੀਂ।

ਪਰ ਹੁਣ ਬ੍ਰਾਹਮਣ ਦੂਜਾ ਕਪੜਾ ਮੰਗਣ ਤੋਂ ਸਰਮਾਉਂਦਾ ਸੀ। ਉਸ ਨੇ ਸੋਚਿਆ ਕਿ ਜਦੋਂ ਭਗਵਾਨ ਮਹਾਂਵੀਰ ਸਮਾਧੀ ਵਿਚ ਲੀਨ ਹੋਣਗੇ ਤਾਂ ਮੈਂ ਇਹ ਕੀਮਤੀ ਵਸਤਰ ਚੁਰਾ ਲਵਾਂਗਾ। ਬ੍ਰਾਹਮਣ ਕਈ ਦਿਨ ਭਗਵਾਨ ਮਹਾਂਵੀਰ ਪਿਛੇ ਲੁਕ ਛਿਪ ਕੇ ਫਿਰਦਾ ਰਿਹਾ। ਇਕ ਦਿਨ ਭਗਵਾਨ ਦੇ ਮੋਢੇ ਤੋਂ ਇਹ

ਵਸਤਰ ਤਿਲਕ ਕੇ ਡਿਗ ਪਿਆ ਤੇ ਬ੍ਰਾਹਮਣ ਚੁਕ ਕੇ ਦੌੜ ਗਿਆ। ਭਗਵਾਨ ਮਹਾਂਵੀਰ ਨੇ ਉਸ ਨੂੰ ਕੁਝ ਨਾ ਕਿਹਾ ਤੇ ਆਪਣੇ ਚੇਲਿਆਂ ਨੂੰ ਬੁਲਾ ਕੇ ਸਿਰਫ ਇੰਨਾ ਕਿਹਾ, 'ਜੀਵਨ ਪੱਥ ਕੰਡਿਆਂ ਨਾਲ ਭਰਿਆ ਹੋਇਆ ਹੈ, ਜੋ ਇਸ ਦੁਰਗਮ ਮਾਰਗ ਨੂੰ ਧੀਰਜ ਨਾਲ ਤੈਅ ਕਰਨਗੇ ਉਹ ਮਨੁੱਖ ਹੀਰੇ ਵਾਂਗ ਨਿਰੰਤਰ ਲਿਸ਼ਕਣਗੇ।'

ਭਗਵਾਨ ਮਹਾਂਵੀਰ ਦੀ ਮ੍ਰਿਤੂ ਪਿਛੋਂ ਜਲਦੀ ਹੀ ਜੈਨ ਧਰਮ ਦੋ ਫਿਰਕਿਆਂ ਵਿਚ ਵੰਡਿਆ ਗਿਆ। ਇਕ ਫਿਰਕੇ ਦਾ ਆਗੂ ਭਗਵਾਨ ਮਹਾਂਵੀਰ ਦਾ ਦਾਮਾਦ ਜਮਾਲੀ ਸੀ ਤੇ ਦੂਜੇ ਫਿਰਕੇ ਦਾ ਮੋਢੀ ਗੋਸ਼ਾਲ, ਜੋ ਮਹਾਂਵੀਰ ਦਾ ਸਭ ਤੋਂ ਵੱਡਾ ਚੇਲਾ ਸੀ। ਗੋਸ਼ਾਲ ਆਜੀਵਕ ਪ੍ਰਣਾਲੀ ਦਾ ਮੋਢੀ ਬਣਿਆ। ਆਜੀਵਕ ਮਤ ਆਪਣੇ 'ਨਿਯਤਿ' (ਭਾਵੀ) ਦੇ ਵਿਸ਼ੇਸ਼ ਸਿਧਾਂਤ ਲਈ ਪ੍ਰਸਿੱਧ ਹੈ। ਇਸ ਸਿਧਾਂਤ ਅਨੁਸਾਰ ਹਰ ਜੀਵ ਦੀ ਭਾਵੀ ਪਹਿਲਾਂ ਹੀ ਨਿਸ਼ਚਿਤ ਹੈ।ਮਨੁੱਖਾਂ ਦੇ ਯਤਨ, ਘਟਨਾਵਾਂ ਅਤੇ ਅਮਲ ਉਸ ਦੇ ਮਾਰਗ ਨੂੰ ਨਹੀਂ ਬਦਲ ਸਕਦੇ। ਸੰਖੇਪ ਵਿਚ ਨਿਯਤੀਵਾਦ ਦੀ ਸਿੱਖਿਆ ਗੋਸ਼ਾਲ ਦੇ ਨਾਂ ਤੇ ਹੀ ਚਲਦੀ ਹੈ। ਗੋਸ਼ਾਲ 6 ਸਾਲ ਤੱਕ ਮਹਾਂਵੀਰ ਦੇ ਨਾਲ ਰਹੇ ਪਰ ਪਿਛੋਂ ਨਿਖੜ ਗਏ। ਜੈਨ ਕੌਮ ਕਦੋਂ ਦੋ ਧੜਿਆਂ ਵਿਚ ਵੰਡੀ ਗਈ, ਇਸ ਸੰਬੰਧੀ ਪੱਕੇ ਸਬੂਤ ਕੋਈ ਨਹੀਂ ਮਿਲਦੇ ਪਰ ਆਮ ਪਹਿਲੀ ਸਦੀ ਈਸਵੀ ਮੰਨੀ ਜਾਂਦੀ ਹੈ। ਅਸਲੀ ਸਵਾਲ ਇਹ ਸੀ ਕਿ ਕਪੜੇ ਪਹਿਨਣੇ ਚਾਹੀਦੇ ਹਨ ਜਾਂ ਨਹੀਂ। ਇਕ ਧੜਾ ਕੱਟੜ ਤਿਆਗੀ ਸਾਧੂਆਂ ਦਾ ਸੀ ਤੇ ਦੂਜਾ ਅਨੁਯਾਈਆਂ ਦਾ ਸੀ। ਕੱਟੜ ਪੰਥੀ ਧੜੇ ਨੇ ਨਗਨਤਾ ਦਾ ਪੱਖ ਲਿਆ। ਜਿਹੜਾ ਕਪੜੇ ਪਹਿਨਣ ਦੇ ਖਿਲਾਫ ਸੀ ਉਹ ਦਿਗੰਬਰ ਅਖਵਾਇਆ। ਦਿਗ+ਅੰਬਰ ਸ਼ਬਦ ਵਿਚ ਦਿਗ ਦਾ ਅਰਥ ਹੈ ਅਕਾਸ਼ ਅਤੇ ਅੰਬਰ ਦਾ ਅਰਥ ਹੈ ਵਸਤਰ। ਉਹ ਮਨੁੱਖ ਜਿਸ ਦਾ ਚੋਲਾ ਕੇਵਲ ਆਕਾਸ਼ ਹੋਵੇ ਦਿਗੰਬਰ ਅਖਵਾਉਂਦਾ ਹੈ। ਭਗਵਾਨ ਮਹਾਂਵੀਰ ਦਿਗੰਬਰ ਬਣ ਗਿਆ ਸੀ ਇਸ ਕਰਕੇ ਦਿਗੰਬਰ ਲੋਕ ਉਦਾਹਰਣ ਦਿੰਦੇ ਆਖਦੇ ਹਨ ਕਿ ਭਗਵਾਨ ਮਹਾਂਵੀਰ ਦੇ ਲੱਕ ਦੁਆਲੇ ਜਿਹੜਾ ਇਕ ਵਸਤਰ ਲਪੇਟਿਆ ਰਹਿ ਗਿਆ ਸੀ ਉਹ ਵੀ ਉਤਰ ਗਿਆ ਸੀ ਤੇ ਭਗਵਾਨ ਨੰਗ ਧੜੰਗ ਵਸਤਰਹੀਨ ਸਾਧੂ ਬਣ ਗਿਆ ਸੀ। ਦੂਜਾ ਧੜਾ ਜਿਹੜਾ ਕੱਪੜੇ ਪਹਿਨਣ ਦੇ ਹੱਕ ਵਿਚ ਸੀ ਸਵੇਤਾਂਬਰ ਅਖਵਾਇਆ। ਸਵੇ ਤਾਂਬਰ ਦਾ ਅਰਥ ਹੈ ਸਫੈਦ ਕਪੜੇ ਪਹਿਨਣ ਵਾਲੇ। ਇਸ ਫਿਰਕੇ ਦੇ ਲੋਕ ਸਫੈਦ ਕਪੜੇ ਪਹਿਨਦੇ ਹਨ।

### 1.3.8 ਜੈਨ ਮਤ ਦੀਆਂ ਸਿੱਖਿਆਵਾਂ :

ਮਹਾਂਵੀਰ ਨੇ ਪਾਰਸ਼ਵ ਨਾਥ ਦੁਆਰਾ ਦਿੱਤੀਆਂ ਸਿੱਖਿਆਵਾਂ ਨੂੰ ਹੀ ਅਪਣਾਇਆ ਅਤੇ ਬ੍ਰਹਮਚਾਰੀਆ ਜੀਵਨ ਬਤੀਤ ਕਰਨ ਦੀ ਸਿੱਖਿਆ ਨੂੰ ਉਸ ਵਿੱਚ ਸ਼ਾਮਿਲ ਕੀਤਾ।

**(1) ਤਿੰਨ ਰਤਨ :-** ਮਹਾਂਵੀਰ ਨੇ ਆਤਮਾ ਦੀ ਮੁਕਤੀ ਲਈ ਤਿੰਨ ਸਿਧਾਂਤ ਅਪਨਾਉਣ ਲਈ ਕਿਹਾ :-

(ੳ) ਸੱਚਾ ਵਿਸ਼ਵਾਸ :- ਮਨੁੱਖ ਨੂੰ ਜੈਨ ਮਤ ਅਤੇ 24 ਤੀਰਥੰਕਰਾਂ ਉਤੇ ਪੂਰਾ ਵਿਸ਼ਵਾਸ ਹੋਣਾ ਚਾਹੀਦਾ ਹੈ।

(ਅ) ਸੱਚਾ ਗਿਆਨ :- ਮਨੁੱਖ ਨੂੰ ਆਡੰਬਰਾਂ ਅਤੇ ਝੂਠੇ ਰੀਤੀ-ਰਿਵਾਜ਼ਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

(ੲ) ਸੱਚਾ ਕਰਮ :- ਮਨੁੱਖ ਨੂੰ ਅਹਿੰਸਾ, ਸੱਚਾਈ ਅਤੇ ਬ੍ਰਹਮਾਚਾਰੀਆ ਵਰਗੇ ਸ਼ੁੱਧ ਕਰਮ ਅਪਨਾਉਣੇ ਚਾਹੀਦੇ ਹਨ।

**(2) ਕਠੋਰ ਤਪ :-** ਸੱਚੇ ਗਿਆਨ ਦੀ ਪ੍ਰਾਪਤੀ ਕੇਵਲ ਕਠੋਰ ਤਪ ਨਾਲ ਹੀ ਹੋ ਸਕਦੀ ਹੈ। ਉਨ੍ਹਾਂ ਨੇ ਆਪ ਵੀ 12½ ਸਾਲ ਕਠੋਰ ਤਪ ਕਰਕੇ ਹੀ ਸੱਚਾ ਗਿਆਨ ਪ੍ਰਾਪਤ ਕੀਤਾ ਸੀ।

**(3) ਅਹਿੰਸਾ :-** ਮਹਾਂਵੀਰ ਨੇ ਅਹਿੰਸਾ ਭਾਵ ਜੀਵ ਹੱਤਿਆ ਨਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕੇਵਲ ਮਨੁੱਖ, ਪਸ਼ੂਆਂ ਦੀ ਹੱਤਿਆ ਦੀ ਮਨਾਹੀ ਨਹੀਂ ਕੀਤੀ, ਸਗੋਂ ਉਹ ਦਰੱਖ਼ਤਾਂ, ਪੌਦਿਆਂ ਅਤੇ ਜੜ੍ਹ ਆਦਿ ਨੂੰ ਕਸ਼ਟ ਦੇਣਾ ਵੀ ਪਾਪ ਸਮਝਦੇ ਸਨ। ਇਸ ਲਈ ਅੱਜ ਤੱਕ ਜੈਨੀ ਸ਼ਰਧਾਲੂ ਨੰਗੇ ਪੈਰੀਂ ਚਲਦੇ ਹਨ, ਪਾਣੀ ਛਾਣ ਕੇ ਪੀਂਦੇ ਹਨ ਅਤੇ ਮੂੰਹ 'ਤੇ ਪੱਟੀ ਬੰਨ੍ਹਕੇ ਰੱਖਦੇ ਹਨ ਤਾਂ ਜੋ ਉਨ੍ਹਾਂ ਦੇ ਪੈਰਾਂ ਹੇਠ ਜਾਂ ਮੂੰਹ ਅੰਦਰ ਕੋਈ ਜੀਵ-ਜੰਤੂ ਆਕੇ ਮਰ ਨਾ ਜਾਏ।

**(4) ਆਵਾਗਵਨ, ਕਰਮ-ਸਿਧਾਂਤ ਅਤੇ ਮੋਕਸ਼ :-** ਹਿੰਦੂ ਅਤੇ ਬੁੱਧ ਧਰਮ ਦੀ ਤਰ੍ਹਾਂ ਮਹਾਂਵੀਰ ਵੀ ਆਵਾਗਵਨ ਤੇ ਕਰਮ ਸਿਧਾਂਤ ਨੂੰ ਮੰਨਦੇ ਹਨ। ਇਨ੍ਹਾਂ ਸਿਧਾਂਤਾਂ ਅਨੁਸਾਰ ਮਨੁੱਖ ਨੂੰ ਉਸਦੇ ਕਰਮਾਂ ਦੇ ਆਧਾਰ 'ਤੇ ਹੀ ਅਗਲਾ ਜੀਵਨ ਪ੍ਰਾਪਤ ਹੁੰਦਾ ਹੈ। ਆਤਮਾ ਅਮਰ ਹੈ ਅਤੇ ਮਨੁੱਖ ਕਰਮਾਂ ਅਨੁਸਾਰ ਵੱਖ-ਵੱਖ ਜਨਮਾਂ ਦਾ ਚੋਲਾ ਬਦਲਦੀ ਹੈ, ਪਰੰਤੂ ਇਸ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰਾਉਣਾ ਹੀ ਜੈਨ ਧਰਮ ਦਾ ਉਦੇਸ਼ ਹੈ ਭਾਵ ਮੋਕਸ਼ ਦੀ ਪ੍ਰਾਪਤੀ।

**(5) ਰੱਬ ਵਿੱਚ ਅਵਿਸ਼ਵਾਸ :-** ਮਹਾਂਵੀਰ ਰੱਬ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਅਨੁਸਾਰ ਮਨੁੱਖ ਆਪਣੇ ਭਾਗਾਂ ਦਾ ਖ਼ੁਦ ਨਿਰਮਾਤਾ ਹੈ।

**(6) ਯੱਗ ਅਤੇ ਖੋਖਲੇ ਰੀਤੀ-ਰਿਵਾਜ਼ਾਂ ਵਿੱਚ ਅਵਿਸ਼ਵਾਸ :-** ਹਿੰਦੂ ਧਰਮ ਵਿੱਚ ਯੱਗ ਅਤੇ ਬਲੀ ਉਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਸੀ, ਪਰੰਤੂ ਜੈਨ ਧਰਮ ਵਿੱਚ ਇਨ੍ਹਾਂ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਸੀ, ਕਿਉਂਕਿ ਉਹ ਹਿੰਸਾ ਦੇ ਵਿਰੋਧੀ ਸਨ।

**(7) ਵੇਦ ਅਤੇ ਸੰਸਕ੍ਰਿਤ ਦੀ ਪਵਿੱਤਰਤਾ ਵਿੱਚ ਅਵਿਸ਼ਵਾਸ :-** ਮਹਾਂਵੀਰ ਆਖਦੇ ਸਨ ਕਿ ਕੇਵਲ ਮੰਤਰ ਪੜ੍ਹਨ ਨਾਲ ਧਾਰਮਿਕ ਕਰਤੱਵ ਪੂਰੇ ਨਹੀਂ ਹੁੰਦੇ ਅਤੇ ਉਹ ਭਾਸ਼ਾ ਪਵਿੱਤਰ ਕਿਵੇਂ ਹੋ ਸਕਦੀ ਹੈ, ਜੋ ਆਮ ਲੋਕਾਂ ਦੀ ਸਮਝ ਤੋਂ ਪਰੇ ਹੈ। ਇਸ ਲਈ ਮਹਾਂਵੀਰ ਨੇ ਸਿੱਖਿਆ ਉਸ ਸਮੇਂ ਦੀ ਲੋਕ ਭਾਸ਼ਾ - ਪ੍ਰਾਕ੍ਰਿਤ ਵਿੱਚ ਦਿੱਤੀ।

ਜੈਨ ਮਤ ਦੇ ਸਿਧਾਂਤਾਂ ਨੂੰ ਨਿਯਮਬੱਧ ਕੀਤਾ ਗਿਆ। ਪ੍ਰਚੱਲਤ ਪਰੰਪਰਾ ਅਨੁਸਾਰ ਮੂਲ ਸਿਧਾਂਤਾਂ ਨੂੰ 14 ਸੂਤਰਾਂ ਵਿੱਚ ਨਿਯਮਬੱਧ ਕੀਤਾ ਗਿਆ, ਜਿਨ੍ਹਾਂ ਨੂੰ 'ਪੂਰਵ' ਕਿਹਾ ਜਾਂਦਾ ਸੀ ਪਰੰਤੂ 300 ਈ. ਪੂਰਵ ਵਿੱਚ ਪਾਟਲੀਪੁਤਰ ਵਿਖੇ ਜੈਨ ਸਾਹਿਤ ਨੂੰ 12 ਭਾਗਾਂ ਵਿੱਚ ਵੰਡਿਆ ਗਿਆ ਜਿਨ੍ਹਾਂ ਨੂੰ 'ਅੰਗ' ਕਿਹਾ ਜਾਂਦਾ ਸੀ, ਜਿਨ੍ਹਾਂ ਵਿੱਚੋਂ ਅਚਾਰੰਗ ਸੂਤ ਅਤੇ ਭਗਵਤੀ ਸੂਤ ਮਹੱਤਵਪੂਰਨ ਸਨ।

**1.3.9 ਸਿੱਟਾ** :– ਸਾਰੇ ਪਾਠ ਵਿੱਚ ਜੈਨ ਧਰਮ ਦੇ ਸੰਸਥਾਪਕ ਮਹਾਵੀਰ ਦੇ ਜੀਵਨ ਸਮਾਚਾਰਾਂ ਦਾ ਵਰਣਨ ਕੀਤਾ ਗਿਆ ਹੈ। ਇਸ ਨਾਲ ਜੈਨ ਧਰਮ ਦੇ ਆਰੰਭ ਅਤੇ ਵਿਕਾਸ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।

## 1.3.10 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1) ਜੈਨ ਧਰਮ ਦੇ ਸੰਸਥਾਪਕ ਨਾਲ ਜਾਣ-ਪਛਾਣ ਕਰਵਾਓ।

2) ਭਗਵਾਨ ਮਹਾਂਵੀਰ ਕੌਣ ਸਨ? ਇਹਨਾਂ ਦੇ ਜੀਵਨ ਬਾਰੇ ਦੱਸੋ।

### ਸੰਖੇਪ ਪ੍ਰਸ਼ਨ

| | | | |
|---|---|---|---|
| (1) | ਤੀਰਥੰਕਰ | (2) | ਵੈਸ਼ਾਲੀ |
| (3) | ਵਰਧਮਾਨ | (4) | ਪਾਵਾ-ਪੁਰੀ |

## 1.3.11 ਸਹਾਇਕ ਪੁਸਤਕਾਂ :–

| | | |
|---|---|---|
| ਸੰਸਾਰ ਦੇ ਪ੍ਰਮੁੱਖ ਧਰਮ | : | ਹਰਬੰਸ ਸਿੰਘ ਤੇ ਐਲ. ਐਮ. ਜੋਸ਼ੀ |
| ਜੈਨਇਜ਼ਮ | : | ਗੁਰਬਚਨ ਸਿੰਘ ਤਾਲਿਬ |
| ਜੈਨਇਜ਼ਮ ਡਾਇਰੈਕਟਰੀ | : | ਸੀ. ਐਲ. ਮਹਿਤਾ (ਮਦਰਾਸ) |
| ਭਾਰਤੀ ਦਰਸ਼ਨ | : | ਸ਼ਾਂਤੀ ਨਾਥ ਗੁਪਤਾ |
| ਭਾਰਤੀ ਦਰਸ਼ਨ | : | ਇਕਬਾਲ ਨਰਾਇਣ ਚੋਪੜਾ |
| ਭਾਰਤ ਦੇ ਪੁਰਾਤਨ ਧਰਮ | : | ਹਰਪਾਲ ਸਿੰਘ ਪੰਨੂ |

ਪਾਠ ਨੰ: 1.4 (ੲ) ਲੇਖਕ : ਡਾ. ਮਨਦੀਪ ਗੌੜ

## ਜੈਨ ਧਰਮ

### ਤ੍ਰਿ-ਰਤਨ (ਤਿੰਨ ਰਤਨ)

ਜੈਨ ਧਰਮ ਦੀ ਨੀਂਹ ਭਗਵਾਨ ਵਰਧਮਾਨ ਮਹਾਂਵੀਰ ਦੀਆਂ ਸਿੱਖਿਆਵਾਂ ਉੱਪਰ ਟਿੱਕੀ ਹੋਈ ਹੈ। ਜੈਨ ਸਿਧਾਤਾਂ ਅਨੁਸਾਰ ਜਨਮ ਸਮੇਂ ਜੀਵਾਤਮਾ ਸ਼ੁੱਧ ਸਰੂਪ ਹੁੰਦੀ ਹੈ। ਪਰ ਮਗਰੋਂ ਸੰਸਾਰਿਕ ਕਾਰ-ਵਿਹਾਰ ਵਿੱਚ ਗਲਤਾਨ ਰਹਿਣ ਕਾਰਨ (ਪਦਾਰਥਕ ਕਰਮਾਂ ਕਰਕੇ) ਇਹ ਦੂਸ਼ਿਤ ਹੋ ਜਾਂਦੀ ਹੈ ਅਤੇ ਵਿਅਕਤੀ ਨੂੰ ਅਨੇਕਾਂ ਹੀ ਦੁੱਖ ਘੇਰ ਲੈਂਦੇ ਹਨ। ਜੇਕਰ ਮੋਹ-ਮਾਇਆ ਤੋਂ ਪ੍ਰੇਰਿਤ ਦਨਿਆਵੀ ਜਾਂ ਪਦਾਰਥਕ ਕਰਮਾਂ ਦਾ ਨਾਸ਼ ਕਰ ਦਿੱਤਾ ਜਾਵੇ ਤਾਂ ਮਨੁੱਖ ਨੂੰ ਅਸਾਨੀ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਜੈਨ ਦਰਸ਼ਨ ਮੁਕਤੀ ਦੀ ਪ੍ਰਾਪਤੀ ਨੂੰ ਜੀਵਨ ਦਾ ਸਰਵ-ਉੱਚ ਉਦੇਸ਼ ਮੰਨਦਾ ਹੈ ਅਤੇ ਮੁਕਤੀ ਪ੍ਰਾਪਤੀ ਲਈ ਤ੍ਰਿ-ਰਤਨ ਮਾਰਗ ਉੱਪਰ ਚੱਲਣ ਦੀ ਸਲਾਹ ਦੇਂਦਾ ਹੈ। ਇਸ ਮਾਰਗ ਤੇ ਚੱਲ ਕੇ ਹੀ ਇੱਕ ਮਨੁੱਖ ਨੂੰ ਸੰਸਾਰਿਕ ਬੰਧਨਾਂ ਤੋਂ ਮੁਕਤੀ ਮਿਲ ਸਕਦੀ ਹੈ।

"ਸਮਯਕ ਦਰਸ਼ਨ ਗਿਆਨ ਚਰਿਤਰਾਣੀ ਮੋਕਸ਼ ਮਾਰਗ"।

ਭਾਵ ਸਹੀ ਦਰਸ਼ਨ (ਸ਼ਰਧਾ ਜਾਂ ਵਿਸ਼ਵਾਸ) ਸਹੀ ਗਿਆਨ ਅਤੇ ਚੰਗਾ ਚਰਿੱਤਰ ਹੀ ਮਨੁੱਖ ਦੀ ਮੁਕਤੀ ਦਾ ਰਸਤਾ ਹਨ। ਇਹਨਾਂ ਤਿੰਨਾਂ ਸਦਗੁਣਾਂ ਦੇ ਮਹੱਤਵ ਕਾਰਨ ਹੀ ਇਨ੍ਹਾਂ ਨੂੰ ਰਤਨ (ਹੀਰੇ) ਆਖਿਆ ਗਿਆ ਹੈ। ਇਹ ਮਹੱਤਵਪੂਰਨ ਰਤਨ ਮਨੁੱਖ ਨੂੰ ਦੁਨਿਆਵੀ ਕਰਮਾਂ ਦੇ ਬੰਧਨ ਤੋਂ ਬਚਾਉਣ ਵਿੱਚ ਸਹਾਇਕ ਹਨ। ਜੈਨ ਧਰਮ ਅਨੁਸਾਰ ਮਨੁੱਖ ਆਪਣੇ ਸੰਸਾਰਿਕ ਕੰਮਾਂ ਵਿੱਚ ਰੁਝਿਆ ਰਹਿੰਦਾ ਹੈ, ਪਰੰਤੂ ਸਹੀ ਸੋਝੀ ਹੋ ਜਾਣ ਤੇ ਉਹ ਮਾਰਗ ਤੋਂ ਨਹੀਂ ਭਟਕਦਾ। ਤ੍ਰਿ-ਰਤਨ ਮਾਰਗ ਦੇ ਹੇਠ ਲਿਖੇ ਤਿੰਨ ਪੜਾਅ ਹਨ ਜੋ ਕਿਸੇ ਸਾਧਕ ਲਈ ਮੁਕਤੀ ਪ੍ਰਾਪਤੀ ਦਾ ਸਾਧਨ ਹਨ-

(i) ਸਮਯਕ (ਸਹੀ) ਦਰਸ਼ਨ (Right View)

(ii) ਸਮਯਕ (ਸਹੀ) ਗਿਆਨ (Right knowledge)

(iii) ਸਮਯਕ (ਸਹੀ) ਚਰਿੱਤਰ (Right Conduct)

ਇਹਨਾਂ ਤਿੰਨ ਪੜਾਵਾਂ ਦਾ ਵਿਸਥਾਰ ਇਸ ਪ੍ਰਕਾਰ ਹੈ-

(ੳ) ਸਹੀ ਦਰਸ਼ਨ (Correct View) :-

ਸਹੀ ਦਰਸ਼ਨ ਤੋਂ ਭਾਵ ਹੈ ਸਹੀ ਦ੍ਰਿਸ਼ਟੀਕੋਣ, ਸਹੀ ਨਜ਼ਰੀਆ, ਸਹੀ ਵਿਸ਼ਵਾਸ, ਸੱਚੀ ਸ਼ਰਧਾ ਜਾਂ ਸਹੀ ਅੰਤਰ-ਸੂਝ। ਸਧਾਰਨ 'ਲਫ਼ਜ਼ਾਂ' ਵਿੱਚ ਅਸੀਂ ਇਸ ਨੂੰ ਸੂਝ-ਬੂਝ ਜਾਂ ਸਿਆਣਪ ਆਖ ਸਕਦੇ ਹਾਂ। ਜੈਨ ਧਰਮ ਦੀ ਪਹਿਲੀ ਸਿੱਖਿਆ ਹੈ ਕਿ ਮਨੁੱਖ ਨੂੰ ਆਪਣੀ ਮੁਕਤੀ ਦੀ ਪ੍ਰਾਪਤੀ ਲਈ ਜੈਨ ਧਰਮ ਦੇ

ਤੀਰਥੰਕਰਾਂ (ਗੁਰੂਆਂ), ਜੈਨ ਗ੍ਰੰਥਾਂ ਅਤੇ ਜੈਨ ਸਿਧਾਤਾਂ ਪ੍ਰਤੀ ਪੱਕੀ ਸ਼ਰਧਾ ਰੱਖਣੀ ਚਾਹੀਦੀ ਹੈ। ਇਹਨਾਂ ਦੀ ਸਹਾਇਤਾਂ ਨਾਲ ਹੀ ਇੱਕ ਜੈਨੀ ਸੂਝਵਾਨ ਜਾਂ ਸਿਆਣਾ ਬਣ ਸਕਦਾ ਹੈ। ਅਜਿਹੇ ਸਿਆਣੇ ਮਨੁੱਖ ਦਾ ਧਿਆਨ ਸਰੀਰਕ ਸੁੱਖਾਂ ਤੋਂ ਹਟ ਜਾਂਦਾ ਹੈ, ਉਸ ਦੀ ਸੋਚ ਬਦਲ ਜਾਂਦੀ ਹੈ ਅਤੇ ਉਸਦੀ ਆਤਮਾ ਸਵੱਛ ਹੋਣ ਲੱਗ ਪੈਂਦੀ ਹੈ।

ਮਹਾਂਵੀਰ ਅਨੁਸਾਰ ਉਸ ਵਿਅਕਤੀ ਦੀ ਹਾਲਤ ਇਵੇਂ ਹੋ ਜਾਂਦੀ ਹੈ ਜਿਵੇਂ ਕਿਸੇ ਅੰਨੇ ਨੂੰ ਹੁਣੇ-ਹੁਣੇ ਅੱਖਾਂ ਦੀ ਰੌਸ਼ਨੀ ਮਿਲੀ ਹੋਵੇ। ਹੌਲੀ-ਹੌਲੀ ਉਸਦੇ ਸਾਰੇ ਸ਼ੰਕੇ ਮਿਟ ਜਾਂਦੇ ਹਨ, ਉਹ ਆਪਣੀਆਂ ਇੱਛਾਵਾਂ ਨੂੰ ਮਾਰਨਾ ਸਿੱਖ ਜਾਂਦਾ ਹੈ ਅਤੇ ਪੂਰੀ ਤਰ੍ਹਾਂ ਸਵਾਰਥਹੀਨ ਹੋ ਕੇ ਆਪਣੇ ਕਰਮ ਕਰਨ ਲੱਗ ਪੈਂਦਾ ਹੈ। ਇਸ ਤਰ੍ਹਾਂ ਉਹ ਮੁਕਤੀ ਦੇ ਮਾਰਗ ਤੇ ਉੱਨਤੀ ਕਰਦਾ ਹੋਇਆ ਅੱਗੇ ਵਧਦਾ ਹੈ।

ਜੈਨ ਧਰਮ ਵਿੱਚ ਸਹੀ ਵਿਸ਼ਵਾਸ ਜਾਂ ਸੂਝ ਨੂੰ ਪੱਕਾ ਕਰਨ ਲਈ ਨਿਮਨਲਿਖਤ ਅੱਠ ਸਿੱਖਿਆਵਾਂ ਤੇ ਅਮਲ ਕਰਨ ਲਈ ਕਿਹਾ ਗਿਆ ਹੈ-

1. ਜੈਨ ਧਰਮ ਦੇ ਅਸੂਲਾਂ ਬਾਰੇ ਸ਼ੰਕਾਂ ਤੋਂ ਬਚਣਾ।
2. ਸੰਸਾਰਿਕ ਵਸਤਾਂ ਨਾਲ ਪਿਆਰ ਨਾ ਕਰਨਾ।
3. ਸਰੀਰ ਨੂੰ ਬੁਰਾਈਆਂ ਤੋਂ ਬਚਾਉਣਾ।
4. ਚੰਗੇ ਕਰਮਾਂ ਨੂੰ ਅਪਨਾਉਣਾ।
5. ਚੰਗੇ ਲੋਕਾਂ ਦੀ ਤਾਰੀਫ ਕਰਨੀ ਅਤੇ ਬੁਰੇ ਲੋਕਾਂ ਦੀ ਨਿੰਦਾ ਤੋਂ ਬਚਣਾ।
6. ਧਰਮ ਦੇ ਰਸਤੇ ਤੋਂ ਭਟਕੇ ਲੋਕਾਂ ਨੂੰ ਚੰਗੀ ਮੱਤ ਦੇਣੀ।
7. ਧਰਮੀ ਵਿਅਕਤੀਆਂ ਦਾ ਸਤਿਕਾਰ ਕਰਨਾ।
8. ਜੈਨ ਸਿਧਾਤਾਂ ਦੇ ਪ੍ਰਚਾਰ ਲਈ ਸੱਚੇ ਯਤਨ ਕਰਨੇ ਆਦਿ।

ਸਹੀ ਵਿਸ਼ਵਾਸ ਦੇ ਇਸ ਪੜਾਅ ਨੂੰ ਪਾਰ ਕਰਨ ਤੋਂ ਬਾਅਦ ਮੁਕਤੀ ਦਾ ਇਛੁੱਕ ਵਿਅਕਤੀ ਸਹੀ ਗਿਆਨ ਦੀ ਪ੍ਰਾਪਤੀ ਵੱਲ ਵਧਦਾ ਹੈ।

<u>(ii) ਸਹੀ ਗਿਆਨ (Correct knowledge or conciousness)</u>

ਜੈਨੀ ਸਹੀ ਵਿਸ਼ਵਾਸ ਜਾਂ ਸੱਚੀ ਸ਼ਰਧਾ ਨੂੰ ਸੱਚੇ ਗਿਆਨ ਦਾ ਆਧਾਰ ਮੰਨਦੇ ਹਨ। ਇਸੇ ਕਰਕੇ ਸਹੀ ਵਿਸ਼ਵਾਸ ਅਤੇ ਸਹੀ ਗਿਆਨ ਵਿਚਕਾਰ ਨੇੜਲਾ ਸਬੰਧ ਹੈ। ਜੈਨੀਆਂ ਅਨੁਸਾਰ ਸਹੀ ਗਿਆਨ ਉਹ ਹੈ ਜੋ ਜੈਨ ਗ੍ਰੰਥਾਂ ਵਿੱਚ ਦਰਜ ਹੈ। ਮੁਕਤੀ ਪ੍ਰਾਪਤੀ ਲਈ ਇਛੁੱਕ ਵਿਅਕਤੀ ਵਾਸਤੇ ਇਹ ਲਾਜ਼ਮੀ ਹੈ ਕਿ ਉਹ ਸਹੀ ਗਿਆਨ ਦੀ ਪ੍ਰਾਪਤੀ ਲਈ ਯਤਨ ਕਰੇ। ਜੈਨੀ ਗਿਆਨ ਦੀਆਂ ਪੰਜ ਕਿਸਮਾਂ ਮੰਨਦੇ ਹਨ। ਇਹ ਕਿਸਮਾਂ ਹਨ: ਮਤੀ ਗਿਆਨ, ਸ਼ਰੂਤੀ ਗਿਆਨ, ਅਵਧੀ ਗਿਆਨ, ਮਨਪ੍ਰਯਾਯ ਗਿਆਨ ਅਤੇ ਕੇਵਲ ਗਿਆਨ (ਕੈਵਲਯ)।

1) <u>ਮਤੀ ਗਿਆਨ:-</u> ਮਨ ਤੋਂ ਇਲਾਵਾ ਇੱਕ ਜਾਂ ਵਧੇਰੇ ਇੰਦਰੀਆਂ ਦੀ ਵਰਤੋਂ ਕਰਨ ਦੀ ਸਮਰਥਾ। ਹਰੇਕ ਜੀਵਿਤ ਵਸਤੂ ਅੰਦਰ ਮਤੀ ਗਿਆਨ ਦਾ ਕੋਈ ਨਾ ਕੋਈ ਬੁਨਿਆਦੀ ਰੂਪ ਜਰੂਰ ਮੌਜੂਦ ਹੁੰਦਾ ਹੈ। ਇਹ ਇੰਦਰੀਆਂ ਰਾਹੀਂ ਪ੍ਰਾਪਤ ਹੋਣ ਵਾਲਾ ਅਪ੍ਰਤੱਖ ਗਿਆਨ ਹੈ।

2) <u>ਸ਼ਰੁਤ ਜਾਂ ਸ਼ਰੁਤੀ ਗਿਆਨ:-</u> ਸ਼ਬਦ ਬੋਲਣ, ਸੁਣਨ ਜਾਂ ਤਰਕ ਕਰਨ ਦੀ ਸਮੱਰਥਾ।

3) <u>ਅਵਧੀ ਗਿਆਨ:-</u> ਇੰਦਰੀਆਂ ਦੀ ਆਮ ਸੀਮਾ ਤੋਂ ਬਾਹਰ ਦੀਆਂ ਗੱਲਾਂ ਬਾਰੇ ਜਾਨਣ ਦੀ ਸੀਮਿਤ ਸਮੱਰਥਾ ਅਵਧੀ ਗਿਆਨ ਕਹਾਉਂਦੀ ਹੈ। ਇਸਨੂੰ ਸੂਖਮ-ਦ੍ਰਿਸ਼ਟੀ ਵੀ ਕਹਿੰਦੇ ਹਨ। ਜੈਨੀਆਂ ਦਾ ਵਿਸ਼ਵਾਸ ਹੈ ਕਿ ਦੇਵਤਿਆਂ ਅਤੇ ਨਰਕ-ਵਾਸੀ ਜੀਵਾਂ ਅੰਦਰ ਇਹ ਸਮੱਰਥਾ ਜਨਮ ਤੋਂ ਹੀ ਮੌਜੂਦ ਹੁੰਦੀ ਹੈ। ਮਨੁੱਖ ਇਸ ਨੂੰ ਯੋਗ-ਸਾਧਨਾਂ ਰਾਹੀਂ ਪ੍ਰਾਪਤ ਕਰ ਸਕਦਾ ਹੈ।

4) <u>ਮਨਪ੍ਰਯਾਯ ਗਿਆਨ:-</u> ਦੂਜਿਆਂ ਦਾ ਮਨ ਪੜ ਲੈਣ ਦੀ ਇਹ ਸਮੱਰਥਾ ਸਿਰਫ ਉਹਨਾਂ ਨੂੰ ਪ੍ਰਾਪਤ ਹੁੰਦੀ ਹੈ ਜਿਹੜੇ ਸੂਝ ਨੂੰ ਭਰਮ ਵਿੱਚ ਪਾਉਣ ਵਾਲੇ ਕਰਮਾਂ ਤੋਂ ਉੱਪਰ ਉੱਠ ਜਾਂਦੇ ਹਨ।

5) <u>ਕੇਵਲ ਜਾਂ ਕੈਵਲਯ ਗਿਆਨ:-</u> ਇਹ ਸੰਪੂਰਨ ਅਤੇ ਸਰਵ-ਉੱਚ ਗਿਆਨ ਹੈ। ਇਸ ਨੂੰ ਪ੍ਰਾਪਤ ਕਰਨ ਵਾਲਾ ਮਨੁੱਖ ਸਰਵਗਿਆਤਾ ਬਣ ਜਾਂਦਾ ਹੈ ਅਤੇ ਸੰਸਾਰ ਦੀਆਂ ਸਭ ਵਸਤਾਂ ਦੇ ਸੁਭਾਅ ਤੇ ਗੁਣ ਜਾਣ ਲੈਂਦਾ ਹੈ। ਇਹ ਗਿਆਨ ਪ੍ਰਤੱਖ ਗਿਆਨ ਹੈ ਜੋ ਸਿੱਧਾ ਆਤਮਾ ਰਾਹੀਂ ਪ੍ਰਾਪਤ ਹੁੰਦਾ ਹੈ। ਇਹ ਗਿਆਨ ਸਿਰਫ ਗੁਰੂ ਨਾਨਕ, ਮਹਾਤਮਾ ਬੁੱਧ ਅਤੇ ਮਹਾਂਵੀਰ ਜੈਨ ਆਦਿ ਵਰਗੇ ਮਹਾਂਪੁਰਖਾਂ ਨੂੰ ਹੀ ਪ੍ਰਾਪਤ ਹੋ ਸਕਿਆ।

(iii) <u>ਸਹੀ ਚਰਿੱਤਰ (Right Conduct) :</u>

ਸੁਆਮੀ ਮਹਾਂਵੀਰ ਅਨੁਸਾਰ ਮੁਕਤੀ ਦੀ ਪ੍ਰਾਪਤੀ ਲਈ ਵਿਅਕਤੀ ਅੰਦਰ ਸੱਚੇ ਵਿਸ਼ਵਾਸ ਅਤੇ ਸੱਚੇ ਗਿਆਨ ਦੇ ਨਾਲ-ਨਾਲ ਸਹੀ ਚਰਿੱਤਰ ਦਾ ਹੋਣਾ ਵੀ ਆਵਸ਼ਕ ਹੈ। ਚੰਗੇ ਚਰਿੱਤਰ ਦੁਆਰਾ ਹੀ ਮਨੁੱਖ ਪਦਾਰਥਕ ਕਰਮਾਂ ਦਾ ਨਾਸ਼ ਕਰਕੇ ਮੋਕਸ਼ ਵੱਲ ਵੱਧ ਸਕਦਾ ਹੈ। ਚਰਿੱਤਰ ਨੂੰ ਸ਼ੁੱਧ ਰੱਖਣ ਲਈ ਜੈਨ ਧਰਮ ਵਿੱਚ ਕਈ ਨਿਯਮ ਬਣਾਏ ਗਏ ਹਨ ਜੋ ਗ੍ਰਿਹਿਸਥ ਲੋਕਾਂ ਅਤੇ ਜੈਨੀ ਸਾਧੂਆਂ ਉੱਪਰ ਬਰਾਬਰ ਲਾਗੂ ਹੁੰਦੇ ਹਨ। ਪਰ ਸਾਧੂਆਂ ਜਾਂ ਮੁਨੀਆਂ ਨੂੰ ਇਹਨਾਂ ਨਿਯਮਾਂ ਦੀ ਪਾਲਣਾ ਵਧੇਰੇ ਸਖਤੀ ਨਾਲ ਕਰਨੀ ਪੈਂਦੀ ਹੈ। ਸਹੀ ਆਚਰਣ ਦੇ ਇਹਨਾਂ ਨਿਯਮਾਂ ਨੂੰ ਪੰਜ ਮਹਾਂਵਰਤ ਕਿਹਾ ਜਾਂਦਾ ਹੈ, ਜੋ ਕਿ ਇਸ ਪ੍ਰਕਾਰ ਹਨ-

ਅਹਿੰਸਾ, ਸੱਚ, ਅਸਤੇਯ, ਬ੍ਰਹਮਚਰਯ ਅਤੇ ਅਪਰਿਗ੍ਰਹਿ ਮਹਾਂਵਰਤ।

1. ਕਿਸੇ ਵੀ ਜੀਵ ਨੂੰ ਜੁਬਾਨ ਜਾਂ ਸਰੀਰ ਦੇ ਹੋਰ ਅੰਗਾਂ ਦੁਆਰਾ ਕਸ਼ਟ ਪਹੁੰਚਾਉਣਾ ਹਿੰਸਾ ਹੈ। ਇਸ ਤਰ੍ਹਾਂ ਦੀ ਹਰੇਕ ਕਾਰਵਾਈ ਤੋਂ ਬਚਣਾ ਹੀ ਅਹਿੰਸਾ ਕਹਾਉਂਦਾ ਹੈ।

2. ਮਨੁੱਖ ਨੂੰ ਸਦਾ ਸੱਚ ਬੋਲਣਾ ਚਾਹੀਦਾ ਹੈ ਅਤੇ ਝੂਠ ਦਾ ਤਿਆਗ ਕਰਨਾ ਚਾਹੀਦਾ ਹੈ। ਝੂਠ ਜੁਬਾਨ ਰਾਹੀਂ ਕੀਤੀ ਗਈ ਹਿੰਸਾ ਹੈ।

3. ਜੋ ਵਸਤੂ ਬੇਗਾਨੀ ਹੋਵੇ ਉਸਨੂੰ ਬਿਨਾਂ ਆਗਿਆ ਇਸਤੇਮਾਲ ਕਰਨਾ ਸਤੇਯ ਭਾਵ ਚੋਰੀ ਹੈ। ਅਜਿਹੀ ਚੋਰੀ ਤੋਂ ਬਚਣਾ ਹੀ ਅਸਤੇਯ ਹੈ।

4. ਬ੍ਰਹਮਚਰਯ ਦਾ ਭਾਵ ਹੈ ਵਿਲਾਸਤਾ-ਪੂਰਨ ਜੀਵਨ ਦਾ ਤਿਆਗ ਕਰਨਾ ਅਤੇ ਐਸ਼ ਪ੍ਰਸਤੀ ਤੋਂ ਬਚਣਾ।

5. ਕਿਸੇ ਵਸਤੂ ਦਾ ਜਰੂਰਤ ਤੋਂ ਵੱਧ ਇਸਤੇਮਾਲ ਕਰਨਾ ਦੂਜਿਆਂ ਦਾ ਹੱਕ ਖਾਣ ਦੇ ਬਰਾਬਰ ਹੈ। ਪਰਾਇਆ ਮਾਲ ਗ੍ਰਹਿਣ ਕਰਨਾ ਪਰਿਗ੍ਰਹਿ ਹੈ ਅਤੇ ਪਰਾਏ ਮਾਲ ਦੇ ਲਾਲਚ ਤੋਂ ਬਚਣਾ ਹੀ ਅਪਰਿਗ੍ਰਹਿ ਕਹਾਉਂਦਾ ਹੈ।

ਇਹਨਾਂ ਉਪਰਕੋਤ ਵਰਣਿਤ ਤ੍ਰਿ-ਰਤਨਾਂ ਦੀ ਸਹਾਇਤਾ ਨਾਲ ਕੋਈ ਵੀ ਮਨੁੱਖ ਜਾਂ ਜੈਨ ਸਾਧਕ ਮੁਕਤੀ ਪ੍ਰਾਪਤ ਕਰ ਸਕਦਾ ਹੈ। ਉਹ ਜੈਨ ਗ੍ਰੰਥਾਂ ਜਾਂ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਦਾ ਪਾਲਣ ਕਰਦਾ ਹੋਇਆ ਸੱਚੇ ਗਿਆਨ ਦੀ ਪ੍ਰਾਪਤੀ ਕਰ ਲੈਂਦਾ ਹੈ ਅਤੇ ਚੰਗੇ ਚਰਿੱਤਰ ਦੇ ਨਿਯਮਾਂ ਉੱਪਰ ਚੱਲਦਾ ਹੋਇਆ ਆਪਣੇ ਅੰਤਿਮ ਟੀਚੇ ਨੂੰ ਪ੍ਰਾਪਤ ਕਰ ਲੈਂਦਾ ਹੈ।

ਪਾਠ ਨੰ. : 1.4 (ਬੀ)

# ਪੰਜ ਮਹਾਂਵ੍ਰਤ

ਰੂਪ-ਰੇਖਾ:

1.4.1 ਉਦੇਸ਼
1.4.2 ਭੂਮਿਕਾ
1.4.3 ਪੰਜ ਮਹਾਂਵ੍ਰਤ
1.4.4 ਸਿੱਟਾ
1.4.5 ਅਭਿਆਸ ਲਈ ਪ੍ਰਸ਼ਨ
1.4.6 ਸਹਾਇਕ ਪੁਸਤਕਾਂ

## 1.4.1 ਉਦੇਸ਼

ਪਿਛਲੇ ਅਧਿਆਇ ਵਿੱਚ ਜੈਨ ਧਰਮ ਦੇ ਆਰੰਭ ਅਤੇ ਵਿਕਾਸ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪੰਜ ਮਹਾਂਵਰਤ, ਤ੍ਰਿ-ਰਤਨ, ਨੌ ਤੱਤਵ, ਜੈਨ ਧਰਮ ਦੀਆਂ ਪ੍ਰਮੁੱਖ ਸਿੱਖਿਆਵਾਂ ਹਨ, ਜੋ ਬਹੁਤ ਹੀ ਸਰਲ ਹਨ, ਪਰ ਇਸ ਅਧਿਆਇ ਵਿੱਚ ਜੈਨ ਨੈਤਿਕ ਸ਼ਾਸਤਰ ਦੇ ਪ੍ਰਮੁੱਖ ਸਿਧਾਂਤ 'ਪੰਜ ਮਹਾਂਵਰਤ' ਦਾ ਵਰਣਨ ਕੀਤਾ ਜਾਵੇਗਾ। ਪੰਜ ਮਹਾਵਰਤ ਇਕ ਸਾਧਕ ਦੇ ਗਿਆਨ ਪ੍ਰਾਪਤ ਕਰਨ ਲਈ ਜਰੂਰੀ ਹਨ।

## 1.4.2 ਭੂਮਿਕਾ

ਭਾਰਤ ਦੇ ਪੁਰਾਤਨ ਧਰਮਾਂ ਵਿੱਚੋਂ ਜੈਨ ਧਰਮ ਇੱਕ ਹੈ। ਭਗਵਾਨ ਮਹਾਂਵੀਰ ਜੈਨ ਧਰਮ ਦੇ ਚੌਵੀਵੇਂ ਤੀਰਥੰਕਰ ਹਨ। ਇਹਨਾਂ ਨੂੰ ਮਹਾਂਵੀਰ, ਕੈਵਲਯ, ਜਿਨ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਗਿਆਨ ਪ੍ਰਾਪਤੀ ਤੋਂ ਬਾਅਦ ਮਹਾਂਵੀਰ ਨੇ ਧਰਮ ਦਾ ਪ੍ਰਚਾਰ ਕੀਤਾ ਤਾਂ ਜੋ ਲੋਕ ਮੁਕਤੀ ਪ੍ਰਾਪਤ ਕਰ ਸਕਣ। ਮਨੁੱਖ ਦਾ ਉਦੇਸ਼ ਕੈਵਲਯ ਭਾਵ ਮੋਖ ਜਾਂ ਮੁਕਤੀ ਦੀ ਪ੍ਰਾਪਤੀ ਕਰਨਾ ਹੀ ਹੈ, ਇਸ ਲਈ ਸਹੀ ਜੀਵਨ ਜਾਂਚ ਨੂੰ ਅਪਨਾਉਣਾ ਬਹੁਤ ਜਰੂਰੀ ਹੈ। ਮਨੁੱਖ ਆਪਣੇ ਉਦਮ ਦੁਆਰਾ ਇਸ ਅਵਸਥਾ (ਮੋਖ) ਨੂੰ ਪ੍ਰਾਪਤ ਕਰ ਸਕਦਾ ਹੈ, ਜਿਸ ਲਈ 'ਪੰਜ ਮਹਾਂਵਰਤ' ਸਹਾਇਕ ਹਨ।

ਪੰਜ ਮਹਾਂਵਰਤ, ਤ੍ਰਿ-ਰਤਨ, ਨੌ-ਤੱਤਵ ਜੈਨ ਧਰਮਾਂ ਦੀਆਂ ਪ੍ਰਮੁੱਖ ਸਿੱਖਿਆਵਾਂ ਹਨ, ਜੋ ਬਹੁਤ ਹੀ ਸਰਲ ਹਨ। ਜੈਨ ਨੈਤਿਕ ਸ਼ਾਸਤਰ ਦਾ ਧੁਰਾ 'ਪੰਜ ਮਹਾਂਵਰਤ' ਹਨ। ਜੈਨ ਮੁਨੀਆਂ ਲਈ ਪੰਜ ਮਹਾਂਵਰਤ ਬਹੁਤ ਜਰੂਰੀ ਹਨ, ਪਰ ਗ੍ਰਹਿਸਥੀ ਲੋਕਾਂ ਲਈ ਇਹ ਸੰਭਵ ਨਹੀਂ ਇਸ ਲਈ ਉਹਨਾਂ ਲਈ ਪੰਜ ਅਣੂ ਵਰਤਾਂ ਦੀ ਵਿਵਸਥਾ ਕੀਤੀ ਗਈ ਹੈ। ਇਸ ਬਾਰੇ ਵਿਸ਼ਵ ਧਰਮ ਸੰਗ੍ਰਹਿ ਪੁਸਤਕ ਵਿੱਚ ਡਾ. ਐਲ.ਐਮ.ਜੋਸ਼ੀ ਅਤੇ ਡਾ. ਜੋਧ ਸਿੰਘ ਲਿਖਦੇ ਹਨ ਕਿ ''ਇਹ ਜੈਨ ਧਰਮ ਦੇ ਨੈਤਿਕ ਸਿਧਾਂਤ ਹਨ। ਜਦੋਂ ਜੈਨ ਭਿਕਸ਼ੂ ਇਹਨਾਂ ਦਾ ਪਾਲਣ ਕਰਦਾ ਹੈ ਤਾਂ ਇਹਨਾਂ ਨੂੰ ਮਹਾਂਵਰਤ ਕਹਿੰਦੇ ਹਨ, ਪਰੰਤੂ ਜਦੋਂ ਗ੍ਰਹਿਸਥੀ ਇਹਨਾਂ ਦਾ ਪਾਲਣ ਕਰਦੇ ਹਨ ਤਾਂ ਇਹਨਾਂ ਨੂੰ ਅਣੁਵਰਤ ਆਖਦੇ ਹਨ।''

## 1.4.3 ਪੰਜ ਮਹਾਂਵ੍ਰਤ

ਜੈਨ ਮਤ ਅਨੁਸਾਰ ਕਰਮਾਂ ਦੇ ਬੰਧਨ ਨੂੰ ਖਤਮ ਕਰਨ ਵਾਸਤੇ ਅਤੇ ਮੁਕਤੀ ਪ੍ਰਾਪਤੀ ਵਾਸਤੇ ਤਿੰਨ ਵਿਸ਼ੇਸ਼ ਸਾਧਨ ਮੰਨੇ ਗਏ ਹਨ, ਜਿਨ੍ਹਾਂ ਨੂੰ ਉਚਿਤ-ਦਰਸ਼ਨ, ਉਚਿਤ-ਗਿਆਨ ਅਤੇ ਉਚਿਤ-ਚਰਿਤ੍ਰ ਕਿਹਾ ਗਿਆ ਹੈ। ਉਚਿਤ-ਦਰਸ਼ਨ ਦਾ ਅਰਥ ਜੈਨ ਆਚਾਰੀਆਂ ਅਤੇ ਜੈਨ ਸ਼ਾਸਤਰਾਂ ਤੇ ਪੂਰੀ ਸ਼ਰਧਾ ਰੱਖਣਾ ਹੈ। ਉਚਿਤ-ਗਿਆਨ ਦਾ ਅਰਥ ਜੀਵ, ਅਜੀਵ, ਆਦਿ ਪਦਾਰਥਾਂ ਦੇ ਸਰੂਪ ਦਾ ਯਥਾਰਥ ਗਿਆਨ ਹੈ। ਉਚਿਤ ਚਰਿਤ੍ਰ ਦਾ ਸਾਧਾਰਣ ਅਰਥ ਤਾਂ ਸਦਾਚਾਰ ਹੈ, ਪਰ ਇਸ ਦਾ ਵਿਸ਼ੇਸ਼ ਅਰਥ ਪੰਜ ਮਹਾਂਵ੍ਰਤਾਂ ਦੀ ਪਾਲਣਾ ਹੈ। ਜੈਨ ਮਤ ਵਿਚ ਉਚਿਤ-ਚਰਿਤ੍ਰ ਨੂੰ ਉਪਰ ਦੱਸੇ ਤਿੰਨ ਸਾਧਨਾਂ ਵਿਚੋਂ ਸਭ ਤੋਂ ਜ਼ਿਆਦਾ ਮਹੱਤਵਪੂਰਨ ਸਮਝਿਆ ਜਾਂਦਾ ਹੈ ਅਤੇ ਮਹਾਂਵ੍ਰਤਾਂ ਦੀ ਸਾਧਨਾ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਇਨ੍ਹਾਂ ਪੰਜ ਮਹਾਂਵ੍ਰਤਾਂ ਨੂੰ ਅਹਿੰਸਾ, ਸੱਚ, ਅਸਤੇਯ, ਬ੍ਰਹਮਚਰਜ ਅਤੇ ਅਪਰਿਗ੍ਰਿਹ ਕਿਹਾ ਜਾਂਦਾ ਹੈ। ਇਸ ਕਰਕੇ ਹੁਣ ਕ੍ਰਮ ਨਾਲ ਇਨ੍ਹਾਂ ਪੰਜ ਮਹਾਂਵ੍ਰਤਾਂ ਬਾਰੇ ਕੁਝ ਵਿਚਾਰ ਕਰਦੇ ਹਾਂ।

(1) **ਅਹਿੰਸਾ-ਮਹਾਂਵ੍ਰਤ** : ਜੈਨ ਮਤ ਦੇ ਅਨੁਸਾਰ ਅਹਿੰਸਾ ਸਭ ਤੋਂ ਪਹਿਲਾਂ ਅਤੇ ਸਭ ਤੋਂ ਜ਼ਿਆਦਾ ਮਹੱਤਵਪੂਰਨ ਮਹਾਂਵ੍ਰਤ ਹੈ। ਅਹਿੰਸਾ ਦਾ ਸਾਧਾਰਣ ਅਰਥ ਤਾਂ ਕਿਸੇ ਜੀਵ ਦੀ ਹਿੰਸਾ ਜਾਂ ਹੱਤਿਆ ਨਾ ਕਰਨਾ ਹੈ, ਪਰ ਇਸ ਦਾ ਵਿਸ਼ੇਸ਼ ਅਰਥ ਕਿਸੇ ਵੀ ਜੀਵ ਨੂੰ ਕਿਸੇ ਤਰ੍ਹਾਂ ਦੀ ਹਾਨੀ ਨਾ ਪਹੁੰਚਾਉਣਾ ਹੈ। ਕਿਸੇ ਜੀਵ ਨੂੰ ਕਿਸੇ ਤਰ੍ਹਾਂ ਦਾ ਦੁੱਖ ਨਾ ਦੇਣਾ ਵੀ ਅਹਿੰਸਾ ਦਾ ਰੂਪ ਹੈ। ਇਸ ਅਹਿੰਸਾ ਦਾ ਸੰਬੰਧ ਮਨ, ਵਚਨ ਅਤੇ ਕਰਮ ਨਾਲ ਹੈ। ਇਸ ਦਾ ਭਾਵ ਇਹ ਹੈ, ਕਿ ਸਾਧਕ ਪੁਰਸ਼ ਨੂੰ ਕਿਸੇ ਦੀ ਹਿੰਸਾ ਬਾਰੇ ਨਾ ਤਾਂ ਸੋਚਣਾ ਚਾਹੀਦਾ ਹੈ, ਨਾ ਕਿਸੇ ਨੂੰ ਕਹਿਣਾ ਚਾਹੀਦਾ ਹੈ ਅਤੇ ਨਾ ਆਪਣੇ ਹੱਥਾਂ ਪੈਰਾਂ ਨਾਲ ਕਿਸੇ ਜੀਵ ਦੀ ਹਿੰਸਾ ਕਰਨੀ ਚਾਹੀਦੀ ਹੈ। ਕਿਸੇ ਦਾ ਬੁਰਾ ਨਾ ਸੋਚਣਾ ਅਤੇ ਕੌੜੇ ਵਚਨ ਨਾ ਬੋਲਣਾ ਵੀ ਅਹਿੰਸਾ ਦਾ ਰੂਪ ਹੈ। ਰਵਿੰਦਰ ਕੁਮਾਰ ਜੈਨ ਅਤੇ ਪਰਸ਼ੋਤਮ ਦਾਸ ਜੈਨ ਆਪਣੀ ਪੁਸਤਕ 'ਭਗਵਾਨ ਮਹਾਂਵੀਰ' ਵਿੱਚ ਅਹਿੰਸਾ ਬਾਰੇ ਲਿਖਦੇ ਹਨ ਕਿ ''ਸਾਧੂ ਸਾਧਵੀ ਨੂੰ ਹਰ ਪ੍ਰਕਾਰ ਦੀ ਮੋਟੀ ਅਤੇ ਬਰੀਕ ਹਿੰਸਾ ਤੋਂ ਬਚਣਾ ਚਾਹੀਦਾ ਹੈ। ਸਾਧੂ ਨੂੰ ਮਨ, ਬਚਨ ਰਾਹੀਂ ਨਾ ਹਿੰਸਾ ਕਰਨੀ ਚਾਹੀਦੀ ਹੈ ਅਤੇ ਨਾ ਹੀ ਕਰਾਉਣੀ ਚਾਹੀਦੀ ਹੈ ਅਤੇ ਨਾ ਹੀ ਹਿੰਸਕ ਵਿਅਕਤੀ ਦੀ ਹਮਾਇਤ ਕਰਨੀ ਚਾਹੀਦੀ ਹੈ।'' ਇਸੇ ਲਈ ਅਹਿੰਸਾ ਨੂੰ ਜੈਨ ਦਰਸ਼ਨ ਦਾ ਪਰਮ ਧਰਮ ਮੰਨਿਆ ਗਿਆ ਹੈ।

(2) **ਸੱਚ-ਮਹਾਂਵ੍ਰਤ** : ਪੰਜ ਮਹਾਂਵ੍ਰਤਾਂ ਵਿਚ ਸੱਚ ਦਾ ਦੂਜਾ ਸਥਾਨ ਹੈ। ਇਸ ਮਹਾਂਵ੍ਰਤ ਦੇ ਅਨੁਸਾਰ ਮੁਕਤੀ ਦੇ ਸਾਧਕ ਨੂੰ ਹਮੇਸ਼ਾਂ ਸੱਚਾ ਵਿਵਹਾਰ ਕਰਨਾ ਚਾਹੀਦਾ ਹੈ। ਹਰ ਪ੍ਰਕਾਰ ਦੀ ਈਮਾਨਦਾਰੀ ਸੱਚ ਦਾ ਰੂਪ ਹੁੰਦੀ ਹੈ। ਕਿਸੇ ਨੂੰ ਧੋਖਾ ਨਾ ਦੇਣਾ ਅਤੇ ਕਿਸੇ ਤਰ੍ਹਾਂ ਦਾ ਝੂਠ ਨਾ ਬੋਲਣਾ ਸੱਚ ਦਾ ਰੂਪ ਹੁੰਦਾ ਹੈ। ਸਦਾਚਾਰ ਦੇ ਨਿਯਮਾਂ ਅਨੁਸਾਰ ਚਲਣਾ ਇਸ ਮਹਾਂਵ੍ਰਤ ਅਨੁਸਾਰ ਬਹੁਤ ਜ਼ਰੂਰੀ ਹੈ। ਮਨ, ਕਰਮ ਅਤੇ ਵਚਨ ਨਾਲ ਮੁਕਤੀ ਦੇ ਸਾਧਕ ਵਿਅਕਤੀ ਲਈ ਸਚਾਈ ਦਾ ਪਾਲਣ ਕਰਨਾ ਜੈਨ ਮਤ ਵਿਚ ਉਚਿਤ-ਚਰਿਤ੍ਰ ਦਾ ਰੂਪ ਮੰਨਿਆ ਜਾਂਦਾ ਹੈ।

''ਇਸ ਲਈ ਸਾਧੂ ਨੂੰ ਮਨ, ਬਚਨ ਤੇ ਸ਼ਰੀਰ ਰਾਹੀਂ ਆਪਣੇ ਜਾਂ ਕਿਸੇ ਲਈ ਹਰ ਪ੍ਰਕਾਰ ਦਾ ਝੂਠ ਛੱਡਣਾ ਚਾਹੀਦਾ ਹੈ।'' ਵਿਸ਼ਵ ਧਰਮ ਸੰਗ੍ਰਹਿ ਪੁਸਤਕ ਵਿੱਚ ਅਚਾਰੰਗਸੂਤ੍ਰ ਦੇ ਹਵਾਲੇ ਨਾਲ ਲਿਖਦੇ ਹਨ, ''ਮੈਂ ਕ੍ਰੋਧ, ਲਾਲਚ, ਡਰ ਜਾਂ ਖੁਸ਼ੀ ਵਿੱਚ ਆ ਕੇ ਝੂਠ ਬੋਲਣ ਆਦਿ ਪਾਪਾਂ ਦਾ ਤਿਆਗ ਕਰਦਾ ਹਾਂ। ਨਾ ਮੈਂ ਆਪ ਹੀ ਕਦੇ ਝੂਠ ਬੋਲਾਂਗਾ ਅਤੇ ਨਾ ਹੀ ਹੋਰਨਾਂ ਤੋਂ ਹੀ ਬੁਲਾਵਾਂਗਾ, ਨਾ ਦੂਸਰਿਆਂ ਤੋਂ ਝੂਠ ਬੋਲੇ ਜਾਣ ਨਾਲ ਕਦੇ ਵੀ ਸਹਿਮਤ ਨਹੀਂ ਹੋਵਾਂਗਾ।''

(3) **ਅਸਤੇਯ-ਮਹਾਂਵ੍ਰਤ** : ਜੈਨੀਆਂ ਦੇ ਆਚਾਰਿਆਂ ਅਨੁਸਾਰ 'ਅਸਤੇਯ' ਦਾ ਅਰਥ 'ਚੋਰੀ'

ਨਾ ਕਰਨਾ ਹੁੰਦਾ ਹੈ, ਪਰ ਇਸ ਦਾ ਵਿਸ਼ੇਸ਼ ਅਰਥ ਹਰ ਪ੍ਰਕਾਰ ਦੀ ਚੋਰੀ, ਛਲ, ਕਪਟ, ਧੋਖਾ, ਬੇਈਮਾਨੀ ਆਦਿ ਦਾ ਨਿਖੇਧ ਹੈ। ਇਸ ਦਾ ਭਾਵ ਇਹ ਹੈ ਕਿ ਸਾਧਕ ਵਿਅਕਤੀ ਨੂੰ ਕਦੇ ਵੀ ਕਿਸੇ ਤਰ੍ਹਾਂ ਦਾ ਲੋਭ ਆਪਣੇ ਮਨ ਵਿਚ ਨਹੀਂ ਰੱਖਣਾ ਚਾਹੀਦਾ ਅਤੇ ਨਾ ਹੀ ਕਿਸੇ ਪਦਾਰਥ ਨਾਲ ਮੋਹ ਰੱਖਣਾ ਚਾਹੀਦਾ ਹੈ, ਕਿਉਂਕਿ ਲੋਭ ਅਤੇ ਮੋਹ ਹੀ ਚੋਰੀ ਵਰਗੇ ਗਲਤ ਕਰਮ ਦਾ ਆਧਾਰ ਹੁੰਦੇ ਹਨ। ਇਸ ਲਈ ਜੈਨੀ ਮੁਨੀਆਂ ਨੇ ਮਨ, ਕਰਮ ਅਤੇ ਵਚਨ ਨਾਲ ਇਸ ਮਹਾਂਵ੍ਰਤ ਦੀ ਪ੍ਰੇਰਣਾ ਦਿੱਤੀ ਹੈ। 'ਭਗਵਾਨ ਮਹਾਂਵੀਰ' ਪੁਸਤਕ ਵਿੱਚ ਰਵਿੰਦਰ ਕੁਮਾਰ ਜੈਨ ਅਤੇ ਪਰਸ਼ੋਤਮ ਦਾਸ ਜੈਨ ਲਿਖਦੇ ਹਨ, ''ਸਾਧੂ ਨੂੰ ਬਰੀਕ ਅਤੇ ਮੋਟੀ ਹਰ ਪ੍ਰਕਾਰ ਦੀ ਚੋਰੀ ਮਨ, ਬਚਨ ਤੇ ਕਾਇਆ ਰਾਹੀਂ ਨਹੀਂ ਕਰਨੀ ਚਾਹੀਦੀ, ਨਾ ਹੀ ਕਰਵਾਉਣੀ ਚਾਹੀਦੀ ਹੈ ਤੇ ਨਾ ਹੀ ਕਰਨ ਵਾਲੇ ਦੀ ਹਿਮਾਇਤ ਕਰਨੀ ਚਾਹੀਦੀ ਹੈ।''

'ਵਿਸ਼ਵ ਧਰਮ ਸੰਗ੍ਰਹਿ' ਪੁਸਤਕ ਵਿੱਚ ਅਚਾਰੰਗਸੂਤ੍ਰ ਦੇ ਹਵਾਲੇ ਨਾਲ ਲਿਖਦੇ ਹਨ, ''ਮੈਂ ਹਰ ਉਸ ਚੀਜ਼ ਜਾਂ ਵਸਤੂ ਨੂੰ ਸਵੀਕਾਰ ਜਾਂ ਤਿਆਗ ਕਰਦਾ ਹਾਂ ਜਿਹੜੀ ਮੈਨੂੰ ਆਪ ਨਾ ਦਿੱਤੀ ਗਈ ਹੋਵੇ ਤੇ ਜਿਸ ਦਾ ਮੈਂ ਹੱਕਦਾਰ ਨਾ ਹੋਵਾਂ, ਭਾਵੇਂ ਉਹ ਕਿਸੇ ਪਿੰਡ ਵਿੱਚ, ਸ਼ਹਿਰ ਵਿੱਚ ਜਾਂ ਜੰਗਲ ਵਿੱਚ ਹੋਵੇ, ਛੋਟੀ ਹੋਵੇ ਜਾਂ ਵੱਡੀ, ਥੋੜ੍ਹੀ ਹੋਵੇ ਜਾਂ ਬਹੁਤੀ, ਜੀਵਤ ਹੋਵੇ ਜਾਂ ਨਿਰਜੀਵ। ਮੈਂ ਨਾ ਆਪ ਹੀ ਕੋਈ ਅਜਿਹੀ ਵਸਤੂ ਲਵਾਂਗਾ, ਨਾ ਦੂਸਰਿਆਂ ਦੇ ਲੈਣ ਵਿੱਚ ਸਹਾਈ ਜਾਂ ਸਹਿਮਤ ਹੋਵਾਂਗਾ।''

**(4) ਬ੍ਰਹਮਚਰਜ-ਮਹਾਂਵ੍ਰਤ** : ਕਾਮ-ਵਾਸਨਾ ਦਾ ਤਿਆਗ ਹੀ ਬ੍ਰਹਮਚਰਜ਼ ਹੈ। ਕਿਸੇ ਵੀ ਪ੍ਰਕਾਰ ਦੇ ਸੰਸਾਰਿਕ ਭੋਗਾਂ ਵਿੱਚ ਦਿਲਚਸਪੀ ਨਹੀਂ ਰੱਖਣੀ ਚਾਹੀਦੀ। ਜੈਨੀ ਸਾਧਕਾਂ ਵਾਸਤੇ ਮਨ, ਵਚਨ ਅਤੇ ਕਰਮ ਨਾਲ ਬ੍ਰਹਮਚਰਜ ਦੇ ਨਿਯਮਾਂ ਦਾ ਪਾਲਣ ਕਰਨਾ ਆਵੱਸ਼ਕ ਹੈ ਕਿਉਂਕਿ ਕੋਈ ਵੀ ਕਾਮੀ ਵਿਅਕਤੀ ਸੱਚਾ ਸਾਧਕ ਨਹੀਂ ਹੋ ਸਕਦਾ। ਇਸ ਲਈ ਇਸ ਚੌਥੇ ਮਹਾਂਵ੍ਰਤ ਦੇ ਅਨੁਸਾਰ ਸਾਧਕ ਪੁਰਸ਼ ਨੂੰ ਕਾਮ-ਵਾਸਨਾ ਤੋਂ ਹਮੇਸ਼ਾਂ ਦੂਰ ਰਹਿਣਾ ਚਾਹੀਦਾ ਹੈ।

**(5) ਅਪਰਿਗ੍ਰਿਹ-ਮਹਾਂਵ੍ਰਤ** : ਜੈਨ ਮਤ ਦੇ ਸਦਾਚਾਰ ਦੇ ਅਨੁਸਾਰ ਇਹ ਪੰਜਵਾਂ ਮਹਾਂਵ੍ਰਤ ਹੈ। 'ਅਪਰਿਗ੍ਰਿਹ' ਦਾ ਅਰਥ ਲੌਕਿਕ ਪਦਾਰਥਾਂ ਦਾ ਸੰਗ੍ਰਹਿ ਨਾ ਕਰਨਾ ਹੈ, ਦੁਨਿਆਵੀ ਵਸਤਾਂ ਦਾ ਤਿਆਗ ਹੀ ਅਪਰਿਗ੍ਰਹਿ ਹੈ। ਮਨ, ਬਚਨ ਅਤੇ ਸਰੀਰ ਰਾਹੀਂ ਵਸਤਾਂ ਦਾ ਸੰਗ੍ਰਹਿ, ਨਿਸ਼ਚਿਤ ਹੱਦ ਤੋਂ ਵੱਧ ਨਹੀਂ ਕਰਨਾ ਚਾਹੀਦਾ, ਨਾ ਕਰਾਉਣਾ ਚਾਹੀਦਾ ਹੈ। ਕਿਉਂਕਿ ਜੇ ਸਾਧਕ ਵਿਅਕਤੀ ਦੁਨੀਆਂ ਦੀਆਂ ਚੀਜ਼ਾਂ ਦੇ ਪਿਛੇ ਭੱਜਦਾ ਰਹੇਗਾ, ਤਾਂ ਉਹ ਸਾਧਨਾਂ ਦੇ ਮਾਰਗ ਤੇ ਚਲ ਹੀ ਨਹੀਂ ਸਕਦਾ। ਭੌਤਿਕ ਪਦਾਰਥਾਂ ਦਾ ਸੰਗ੍ਰਹਿ ਚਿੱਤ ਵਿਚ ਉਨ੍ਹਾਂ ਲਈ ਆਕਰਸ਼ਣ ਪੈਦਾ ਕਰਦਾ ਹੈ, ਜਿਸ ਨਾਲ ਲੋਭ ਤੇ ਮੋਹ ਦੀ ਭਾਵਨਾ ਪੈਦਾ ਹੋ ਸਕਦੀ ਹੈ, ਇਸ ਲਈ ਜੈਨ ਸਾਧਕ ਅਤੇ ਮੁਨੀਆਂ ਵਾਸਤੇ ਪਦਾਰਥਾਂ ਦਾ ਸੰਗ੍ਰਹਿ ਵਰਜਿਤ ਹੈ।

ਇਸ ਤਰ੍ਹਾਂ ਮੋਕਸ਼ ਦੀ ਭਾਵਨਾ ਵਾਲੇ ਜੈਨ ਸਾਧਕ ਲਈ ਇਨ੍ਹਾਂ ਪੰਜ ਮਹਾਂਵ੍ਰਤਾਂ ਦਾ ਕਠੋਰਤਾ ਨਾਲ ਪਾਲਣ ਕਰਨਾ ਜ਼ਰੂਰੀ ਹੈ। ਪਰ ਜੈਨ ਗ੍ਰਹਿਸਥੀਆਂ ਵਾਸਤੇ ਆਖਰੀ ਦੋ ਮਹਾਂਵ੍ਰਤਾਂ ਜਾਂ ਨਿਯਮਾਂ ਵਿਚ ਜੈਨ ਆਚਾਰੀਆਂ ਨੇ ਕੁਝ ਢਿੱਲ ਦਿੱਤੀ ਹੋਈ ਹੈ, ਕਿਉਂਕਿ ਘਰ ਵਿਚ ਰਹਿਣ ਵਾਲੇ ਵਿਅਕਤੀ ਨੂੰ ਆਪਣੀ ਲੋੜ ਦੇ ਅਨੁਸਾਰ ਕੁਝ ਪਦਾਰਥਾਂ ਦਾ ਸੰਗ੍ਰਹਿ ਕਰਨਾ ਜ਼ਰੂਰੀ ਹੁੰਦਾ ਹੈ।

**1.4.4 ਸਿੱਟਾ** : ਇਸ ਪਾਠ ਵਿੱਚ ਜੈਨ ਧਰਮ ਦੇ ਮੁੱਖ ਸਿਧਾਂਤ 'ਪੰਜ ਮਹਾਂਵਰਤ' ਉਪਰ ਚਾਨਣਾ ਪਾਇਆ ਗਿਆ। ਜੈਨ ਮੁਨੀਆਂ ਲਈ ਗਿਆਨ ਦੀ ਪ੍ਰਾਪਤੀ ਲਈ ਇਹ 'ਪੰਜ ਮਹਾਂਵਰਤ' ਸਹਾਇਕ ਬਣਦੇ ਹਨ। ਇਸ ਰਾਹੀਂ ਜੀਵਨ ਬਤੀਤ ਕਰਕੇ ਉਹ ਆਪਣੇ ਮਕਸਦ ਤੱਕ ਪਹੁੰਚਣ ਵਿੱਚ ਸਫਲ ਹੋ ਜਾਂਦੇ ਹਨ। ਇਸੇ ਲਈ 'ਪੰਜ ਮਹਾਂਵਰਤ' ਨੂੰ ਜੈਨ ਨੈਤਿਕ ਸ਼ਾਸਤਰ ਦਾ ਧੁਰਾ ਮੰਨਿਆ ਜਾਂਦਾ ਹੈ। ਵਿਦਿਆਰਥੀਆਂ ਨੂੰ ਇਸ ਪਾਠ ਵਿੱਚ ਇਨ੍ਹਾਂ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

## 1.4.5 ਅਭਿਆਸ ਲਈ ਪ੍ਰਸ਼ਨ

**ਵੱਡੇ ਪ੍ਰਸ਼ਨ:**

1) ਜੈਨ ਧਰਮ ਦੇ ਮੁੱਖ ਸਿਧਾਂਤ ਨਾਲ ਜਾਣ-ਪਛਾਣ ਕਰਵਾਓ।
2) 'ਪੰਜ ਮਹਾਂਵਰਤ' ਜੈਨ ਨੈਤਿਕ ਸ਼ਾਸਤਰ ਦਾ ਧੁਰਾ ਹਨ, ਇਸ ਬਾਰੇ ਵਿਸਤਾਰ ਪੂਰਵਕ ਲਿਖੋ?

**ਸੰਖੇਪ ਪ੍ਰਸ਼ਨ:**

(1) ਅਹਿੰਸਾ-ਮਹਾਂਵ੍ਰਤ
(2) ਅਸਤੇਯ-ਮਹਾਂਵ੍ਰਤ
(3) ਅਪਰਿਗ੍ਰਿਹ-ਮਹਾਂਵ੍ਰਤ

## 1.4.6 ਸਹਾਇਕ ਪੁਸਤਕਾਂ

1. ਸੰਸਾਰ ਦੇ ਪ੍ਰਮੁੱਖ ਧਰਮ : ਹਰਬੰਸ ਸਿੰਘ ਤੇ ਐਲ.ਐਮ.ਜੋਸ਼ੀ
2. ਜੈਨਇਜ਼ਮ : ਗੁਰਬਚਨ ਸਿੰਘ ਹਾਲਿਬ
3. ਭਾਰਤੀ ਦਰਸ਼ਨ : ਸ਼ਾਂਤੀ ਨਾਥ ਗੁਪਤਾ
4. ਭਾਰਤ ਦੇ ਪੁਰਾਤਨ ਧਰਮ: ਹਰਪਾਲ ਸਿੰਘ ਪੰਨੂ
5. ਵਿਸ਼ਵ ਧਰਮ ਸੰਗ੍ਰਹਿ : ਡਾ. ਐਲ.ਐਮ. ਜੋਸ਼ੀ, ਡਾ. ਜੋਧ ਸਿੰਘ
6. 'ਭਗਵਾਨ ਮਹਾਂਵੀਰ' : ਰਵਿੰਦਰ ਕੁਮਾਰ ਜੈਨ ਤੇ ਪੁਰਸ਼ੋਤਮ ਦਾਸ ਜੈਨ

**1. ਧਰਮ** : ਮਹਾਂਭਾਰਤ ਵਿੱਚ ਧਰਮ ਨੂੰ ਮਨੁੱਖ ਦਾ ਆਸਰਾ ਮੰਨਿਆ ਗਿਆ ਹੈ। ਧਰਮ ਨਾਲ ਮਨੁੱਖ ਦੁਖ-ਸੁੱਖ ਨੂੰ